


ਪਰਮਾਤਮ ਪ੍ਰਕਾਸ਼

# PARMATAM PARKASH

ਪ੍ਰੇਰਿਕਾ

ਉਪ-ਪਰਵਰਤਨੀ, ਜੈਨ ਜਯੋਤੀ, ਸੰਥਾਰਾ ਸਾਧਿਕਾ

ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ

ਦੀ ਪ੍ਰਮੁੱਖ ਸ਼ਿਸ਼

ਉਤਰ-ਭਾਰਤ ਪ੍ਰਵਰਤਨੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ

ਮੂਲ ਲੇਖਕ : ਅਚਾਰਿਆ ਯੋਗੇਂਦੂ

ਅਨੁਵਾਦਕ :

ਪੁਰਸ਼ੋਤਮ ਜੈਨ – ਰਵਿੰਦਰ ਜੈਨ

ਪ੍ਰਕਾਸ਼ਕ :

26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ ਸੰਯੋਜਿਕਾ

ਸਮਿਤੀ ਪੰਜਾਬ

ਮਹਾਂਵੀਰ ਸਟਰੀਟ, ਪੁਰਾਣਾ ਬਸ ਸਟੈਂਡ, ਕਲੱਬ ਚੌਂਕ,

ਮਾਲੇਰਕੋਟਲਾ – 148023 (ਪੰਜਾਬ)

# ਸਮਰਪਣ



**ਧਰਮ ਭਰਾ ਸ੍ਰਮਣੋਪਾਸਕ**
**ਸ਼੍ਰੀ ਪੁਰਸ਼ੋਤਮ ਜੈਨ ਜੀ**
**ਨੂੰ**
**31 ਮਾਰਚ, 2019**
**ਨੂੰ ਸਤਿਕਾਰ ਸਹਿਤ ਭੇਟ**

**– ਰਵਿੰਦਰ ਜੈਨ, ਮਾਲੇਰਕੋਟਲਾ**



## ਭੂਮਿਕਾ

## ਪਰਮਾਤਮ ਪ੍ਰਕਾਸ਼

ਪੁਰਾਤਨ ਤੇ ਮੱਧਕਾਲੀਨ ਜੈਨ ਆਚਾਰਿਆਂ ਨੇ ਆਪਣੇ ਜੀਵਨ ਬਾਰੇ ਬਹੁਤ ਕੁਝ ਲਿਖਿਆ ਹੈ। ਜੋ ਆਚਾਰਿਆ ਆਪਣੀ ਦੇਹ ਨੂੰ ਮਰਨ ਵਾਲਾ ਨਸ਼ਵਰ ਮੰਨਦੇ ਹਨ, ਉਨ੍ਹਾਂ ਆਪਣੇ ਜਨਮ ਸਥਾਨ, ਜਨਮ ਤਾਰੀਕ, ਮਾਤਾ–ਪਿਤਾ, ਰਚਨਾਵਾਂ ਬਾਰੇ ਦੱਸਣਾ ਜ਼ਰੂਰੀ ਨਹੀਂ ਸਮਝਿਆ। ਇਸੇ ਤਰ੍ਹਾਂ ਦੇ ਲੇਖਕਾਂ ਵਿੱਚ ਅੱਪਭ੍ਰੰਸ਼ ਅਤੇ ਮਹਾਨ ਲੇਖਕ ਯੋਗੇਂਦੂ ਸਨ। ਯੋਗੇਂਦੂ ਦੀਆਂ ਰਚਨਾਵਾਂ ਪਰਮਾਤਮ ਸਾਰ ਤੇ ਯੋਗ ਸਾਰ ਤੇ ਕੁੰਦਕੁੰਦ ਦੇ ਮੋਕਸ਼ ਪਾਹੁੜ ਅਤੇ ਪੂਜਯ ਪਾਦ ਦੇ ਸਮਾਧੀ ਤੰਤਰ ਦਾ ਪ੍ਰਭਾਵ ਜਾਪਦਾ ਹੈ। ਇਨ੍ਹਾਂ ਦੋਹਾਂ ਦਾ ਸਮਾਂ ਈਸਵੀ ਸੰਨ ਦੇ ਸ਼ੁਰੂ ਤੋਂ ਈਸਾ ਦੀ ਪੰਜਵੀਂ ਸਦੀ ਦਾ ਅੰਤਿਮ ਸਮਾਂ ਮੰਨਿਆ ਜਾਂਦਾ ਹੈ। ਦੂਸਰੇ ਪਾਸੇ ਆਚਾਰਿਆ ਹੇਮ ਚੰਦਰ ਦੇ ਵਿਆਕਰਨ ਅਤੇ ਪ੍ਰਾਕ੍ਰਿਤ ਲੱਛਣਾਂ ਵਿੱਚ ਪ੍ਰਮਾਤਮ ਪ੍ਰਕਾਸ਼ ਬਾਰੇ ਵਰਣਨ ਮਿਲਦਾ ਹੈ। ਦੰਡ ਦਾ ਸਮਾਂ ਸੱਤਵੀਂ ਸਦੀ ਅਤੇ ਆਚਾਰਿਆ ਹੇਮਚੰਦਰ ਦਾ ਸਮਾਂ 1079 ਤੋਂ 1173 ਹੈ। ਦੇਵ ਸੈਨ ਦੇ ਦਰਸ਼ਨਸਾਰ ਅਤੇ ਮੁਨੀ ਰਾਮ ਸਿੰਘ ਦੇ ਪਾਹੁੜ ਦੋਹੇ ਤੋਂ ਵੀ ਯੋਗੇਂਦੂ ਪ੍ਰਭਾਵਿਤ ਲੱਗਦਾ ਹੈ। ਇਨ੍ਹਾਂ ਗੱਲਾਂ ਨੂੰ ਸਾਹਮਣੇ ਰੱਖ ਕੇ ਡਾ. ਏ.ਐਨ. ਉਪਾਧਿਆਇ ਨੇ ਯੋਗੇਂਦੂ ਦਾ ਸਮਾਂ ਈਸਾ ਦੀ ਛੇਵੀਂ ਸਦੀ ਮੰਨਿਆ ਹੈ। ਉਹਨਾਂ ਦੀ ਗੱਲ

ਦਾ ਸਮਰਥਨ ਯੋਗੇਂਦੂ ਦੀ ਭਾਸ਼ਾ ਹੈ। ਇਹ ਉਹ ਸਮਾਂ ਹੈ ਜਦ ਅੱਪਭ੍ਰਸ਼ ਦਾ ਨਵਾਂ-ਨਵਾ ਜਨਮ ਹੋਇਆ ਸੀ। ਯੋਗੇਂਦੂ ਨੇ ਇਸ ਨਵੀਂ ਭਾਸ਼ਾ ਵਿੱਚ ਆਪਣਾ ਸਾਹਿਤ ਰਚਿਆ। ਨਵੀਂ ਭਾਸ਼ਾ ਦਾ ਕੋਈ ਤਹਿ-ਸ਼ੁਦਾ ਮਾਣਕ ਨਹੀਂ ਹੁੰਦਾ। ਇਹ ਲੋਕ ਰਸ ਤੇ ਆਮ ਲੋਕਾਂ ਦੀ ਹੁੰਦੀ ਹੈ। ਯੋਗੇਂਦੂ ਨੇ ਅੱਪਭ੍ਰੰਸ਼ ਵਿੱਚ ਰਚਨਾ ਕਰਦੇ ਸਮੇਂ ਆਪਣਾ ਕੀਰਤੀਮਾਨ ਸਥਾਪਿਤ ਕੀਤਾ ਹੈ। ਇਸੇ ਸਮੇਂ ਸਾਵਾਏਧੰਮ ਤੇ ਪਾਹੁੜ ਦੋਹਾ ਯੋਗੇਂਦੂ ਦੀ ਰਚਨਾ ਮੰਨੇ ਜਾਂਦੇ ਹਨ। ਪਰ ਇਹ ਗਲਤ ਧਾਰਨਾ ਸਿੱਧ ਹੋ ਚੁੱਕੀ ਹੈ। ਸਾਵਾਏਧੰਮ ਦੇਵਸੈਨ ਤੇ ਲੱਛਮੀ ਦੀ ਅਤੇ ਪਾਹੁੜ ਦੋਹਾ ਮੁਨੀ ਰਾਮ ਸਿੰਘ ਦੀ ਰਚਨਾ ਹੈ। ਇਨ੍ਹਾਂ ਦੋਹਾਂ ਲੇਖਕਾਂ ਨੇ ਕੁਝ ਨਾ ਕੁਝ ਯੋਗੇਂਦੂ ਤੋਂ ਲਿਆ ਹੈ।

ਪਰਮਾਤਮ ਪ੍ਰਕਾਸ਼ ਵਿੱਚ 337 ਦੋਹੇ ਹਨ। ਇਹ ਆਤਮਾ ਤੇ ਪਰਮਾਤਮਾ ਦੇ ਸਰੂਪ ਦੀ ਸਰਲ ਵਿਆਖਿਆ ਕਰਨ ਵਾਲਾ ਬਹੁਤ ਹੀ ਉੱਤਮ ਸ਼ੈਲੀ ਦਾ ਗ੍ਰੰਥ ਹੈ। ਪਰਮਾਤਮ ਪ੍ਰਕਾਸ਼ ਯੋਗੇਂਦੂ ਦੇ ਚੇਲੇ ਪ੍ਰਭਾਕਰ ਭੱਟ ਦੇ ਪ੍ਰਸ਼ਨਾਂ ਦੇ ਉੱਤਰ ਦੇ ਰੂਪ ਵਿੱਚ ਪੇਸ਼ ਕੀਤੀ ਗਈ ਹੈ। ਯੋਗੇਂਦੂ ਨੇ ਮੰਨਿਆ ਹੈ ਕਿ ਕਈ ਗੱਲਾਂ ਉਸ ਨੇ ਦੁਹਰਾਈਆਂ ਹਨ। ਉਹ ਪਰਮ ਗਿਆਨੀ ਹੈ। ਇੱਕ ਥਾਂ 'ਤੇ ਉਹ ਆਖਦਾ ਹੈ, ''ਕੋਈ ਸਮਾਧੀ ਕਰੇ, ਕੋਈ ਦੇਵ ਪੂਜਾ ਅਰਚਣਾ ਕਰੇ, ਕੌਣ ਸਪੱਸ਼ਟ ਤੇ ਅਸਪੱਸ਼ਟ ਦਾ ਵਿਚਾਰ ਕਰਦਾ ਹੋਇਆ ਖੁਦ ਨੂੰ ਠੱਗਦਾ ਫਿਰੇ, ਕੌਣ ਦੋਸਤੀ ਕਰੇ, ਕੌਣ ਦੁਸ਼ਮਣੀ ਕਰੇ, ਸੱਚ ਤਾਂ ਇਹ ਹੈ ਕਿ ਜਿਵੇਂ ਵੀ ਵੇਖਦਾ ਹਾਂ ਤਾਂ ਮੈਨੂੰ ਤਾਂ ਆਤਮਾ ਹੀ



ਆਤਮਾ ਨਜ਼ਰ ਆਉਂਦੀ ਹੈ। ਯੋਗੇਂਦੂ ਇੱਕ ਥਾਂ ਲਿਖਦਾ ਹੈ ਕਿ ਸਾਡੀ ਆਤਮਾ ਹੀ ਸ਼ਿਵ ਹੈ, ਵਿਸ਼ਨੂੰ ਹੈ ਤੇ ਰੁਦਰ ਹੈ ਤੇ ਉਹੀ ਬੁੱਧ ਹੈ, ਉਹੀ ਜਿਨ ਹੈ, ਉਹੀ ਈਸ਼ਵਰ ਹੈ, ਉਹੀ ਬ੍ਰਹਮਾ ਹੈ, ਉਹੀ ਅਨੰਤ ਹੈ ਤੇ ਉਹੀ ਸਿੱਧ ਹੈ, ਇਸ ਤੋਂ ਪਹਿਲਾਂ ਉਨ੍ਹਾਂ ਆਤਮਾ ਨੂੰ ਅਰਿਹੰਤ, ਸਿੱਧ, ਉਪਾਧਿਆਇ ਤੇ ਸਾਧੂ ਆਖਿਆ ਹੈ। ਅਚਾਰਿਆ ਕੁੰਦਕੁੰਦ ਦੀ ਤਰ੍ਹਾ ਉਹ ਵੀ ਮੰਨਦੇ ਹਨ ਕਿ ਆਪਣੀ ਆਤਮਾ ਦੀ ਨੇੜਤਾ ਹੀ ਉਸ ਨੂੰ ਜਾਨਣ, ਵੇਖਣ, ਉਸ ਦਾ ਮਿਲਾਪ ਹੀ ਸਾਡੀ ਸਭ ਤੋਂ ਵੱਡੀ ਜ਼ਰੂਰਤ ਹੈ।

ਯੋਗੇਂਦੂ ਬਾਹਰਲੇ ਭੇਖ ਦੇ ਖਿਲਾਫ ਹੈ। ਉਹ 47ਵੇਂ ਦੋਹੇ ਵਿੱਚ ਲਿਖਦਾ ਹੈ ਕਿ ਧਰਮ ਨਾ ਤਾਂ ਪੜ੍ਹਨ ਨਾਲ ਹੁੰਦਾ ਹੈ ਤੇ ਨਾ ਪੁਸਤਕ ਤੇ ਨਾ ਪਿੱਛੀ ਤੋਂ ਹੁੰਦਾ ਹੈ। ਕਿਸੇ ਮੱਠ ਵਿੱਚ ਰਹਿਣਾ ਅਤੇ ਕੇਸ਼ ਲੋਚਣ ਵੀ ਧਰਮ ਨਹੀਂ ਹੈ। ਯੋਗੇਂਦੂ ਨੇ ਜੋ ਕੁਝ ਆਖਿਆ ਅਸੀਂ ਦੇਵ ਗੁਰੂ ਧਰਮ ਦੀ ਕ੍ਰਿਪਾ ਨਾਲ ਉਸ ਦਾ ਪੰਜਾਬੀ ਅਨੁਵਾਦ ਕੀਤਾ ਹੈ। ਇਹ ਪਹਿਲਾ ਅਨੁਵਾਦ ਹੈ, ਜਿਸ ਵਿੱਚ ਗਲਤੀਆਂ ਰਹਿਣੀਆਂ ਸੁਭਾਵਿਕ ਹਨ। ਇਸ ਗ੍ਰੰਥ ਵਿੱਚ ਅਸੀਂ ਡਾ. ਜੈ ਕੁਮਾਰ ਜਲਜ ਅਤੇ ਸ੍ਰੀ ਮਨੀਸ਼ ਮੋਦੀ ਬੰਬਈ ਦੇ ਸੁਝਾਵਾਂ ਲਈ ਉਨ੍ਹਾਂ ਦੇ ਧੰਨਵਾਦੀ ਹਾਂ।

ਅਸੀਂ ਧੰਨਵਾਦੀ ਹਾਂ ਸਾਡੀ ਗੁਰੂਣੀ ਜਿਨਸ਼ਾਸਨ ਪ੍ਰਭਾਵਿਕਾ, ਜੈਨ ਜਯੋਤੀ, ਉਪ-ਪਰਿਵਰਤਨੀ, ਸੰਥਾਰਾ ਸਾਧਿਕਾ ਸ੍ਰੀ ਸਵਰਣਕਾਂਤਾ ਦੀ ਮਹਾਰਾਜ ਦੀ ਪ੍ਰਮੁੱਖ ਚੇਲੀ ਸ਼ਾਸਨ ਜੋਤੀ, ਸਰਲ ਆਤਮਾ, ਉੱਤਰ-ਭਾਰਤ ਪਰਿਵਰਤਨੀ ਸ੍ਰੀ ਸੁਧਾ ਜੀ

ਮਹਾਰਾਜ ਦੇ ਆਸ਼ੀਰਵਾਦ ਤੇ ਉਪਕਾਰ ਲਈ। ਸਾਡੀ ਹਰ ਰਚਨਾ ਵਿੱਚ ਉਹਨਾਂ ਦਾ ਆਸ਼ੀਰਵਾਦ ਅਤੇ ਸਹਿਯੋਗ ਰਿਹਾ ਹੈ। ਅਸੀਂ ਵਿਸ਼ੇਸ਼ ਰੂਪ ਵਿੱਚ ਧੰਨਵਾਦੀ ਹਾਂ ਜੈਨ ਵਰਲਡ ਫਾਉਂਡੇਸ਼ਨ ਅਟਲਾਂਟਾ ਯੂ.ਐਸ.ਏ. ਦੇ ਸ੍ਰੀ ਵਿਨੋਦ ਦਰਿਆਪੁਰਕ ਦੇ ਜਿਨ੍ਹਾਂ ਨੇ ਆਪਣੀ ਵੈੱਬਸਾਈਟ www.jainworld.com ਵਿੱਚ ਇਸ ਗ੍ਰੰਥ ਨੂੰ ਥਾਂ ਦੇ ਕੇ ਸਾਨੂੰ ਧੰਨਵਾਦ ਦਾ ਪਾਤਰ ਬਣਾਇਆ।

**ਮਿਤੀ : 31-03-2019** — **ਸ਼ੁਭਚਿੰਤਕ,**

**ਸਥਾਨ : ਮਾਲੇਰਕੋਟਲਾ** — **ਪੁਰਸ਼ੋਤਮ ਜੈਨ**

**ਰਵਿੰਦਰ ਜੈਨ**



# ਪਰਮਾਤਮ ਪ੍ਰਕਾਸ਼

1

ਧਿਆਨ ਦੀ ਅੱਗ ਤੋਂ ਕਰਮਾਂ ਦੇ ਮੈਲ ਨੂੰ ਭਸਮ ਕਰਕੇ ਜੋ ਨਿੱਤ ਨਿਰੰਜਣ ਅਤੇ ਗਿਆਨ ਵਾਲੇ ਸਿੱਧ ਪਰਮਾਤਮਾ ਹੋਏ ਹਨ, ਮੈਂ ਉਨ੍ਹਾਂ ਨੂੰ ਨਮਸਕਾਰ ਕਰਦਾ ਹਾਂ।

2

ਪਰਮ ਸਮਾਧੀ ਦੇ ਰਾਹੀਂ ਭਵਿੱਖ ਵਿੱਚ ਵੀ ਜੋ ਕਲਿਆਣਕਾਰੀ ਅਨੁਪਮ ਅਤੇ ਗਿਆਨ ਵਾਲੇ ਅਨੰਤ ਸਿੱਧ ਹੋਏ ਹਨ, ਮੈਂ ਉਨ੍ਹਾਂ ਸਿੱਧਾਂ ਨੂੰ ਨਮਸਕਾਰ ਕਰਦਾ ਹਾਂ।

3

ਉਨ੍ਹਾਂ ਸਿੱਧਾਂ ਨੂੰ ਵੀ ਮੇਰਾ ਨਮਸਕਾਰ ਹੈ ਜੋ ਪਰਮ ਸਮਾਧੀ ਰਾਹੀਂ ਮਹਾਨ ਅੱਗ ਤੋਂ ਕਰਮਾਂ ਦੀ ਬਾਲਣ ਨਾਲ ਭਸਮ ਕਰਦੇ ਹੋਏ ਵਰਤਮਾਨ ਵਿੱਚ ਸਥਿਤ ਹਨ।

4

ਸਿੱਧ ਮੋਕਸ਼ ਵਿੱਚ ਸਥਿਤ ਹੁੰਦੇ ਹਨ। ਆਪਣੇ ਗਿਆਨ ਦੇ ਕਾਰਨ ਉਹ ਤਿੰਨ ਲੋਕ ਦੇ ਗੁਰੂ ਹਨ। ਫਿਰ ਵੀ ਸੰਸਾਰ ਰੂਪੀ ਸਮੁੰਦਰ ਵਿੱਚ ਨਹੀਂ ਫ਼ਸਦੇ। ਮੈਂ ਉਨ੍ਹਾਂ ਨੂੰ ਨਮਸਕਾਰ ਕਰਦਾ ਹਾਂ।

5

ਸਿੱਧ ਆਪਣੀ ਆਤਮਾ ਵਿੱਚ ਆਪਣੇ ਸਰੂਪ ਵਿੱਚ ਸਥਿਤ ਹੁੰਦੇ ਹਨ। ਫਿਰ ਵੀ ਅਲੋਕ ਅਤੇ ਤਿੰਨ ਲੋਕਾਂ ਨੂੰ ਆਪਣੀ ਸ਼ੰਕਾ ਰਹਿਤ ਨਿਰਮਲ ਦ੍ਰਿਸ਼ਟੀ ਤੋਂ ਪ੍ਰਤੱਖ ਵੇਖਦੇ ਹਨ। ਮੈਂ ਉਨ੍ਹਾਂ ਨੂੰ ਨਮਸਕਾਰ ਕਰਦਾ ਹਾਂ।

6

ਮੈਂ ਉਨ੍ਹਾਂ ਜਿਨਵਰ ਭਾਵ ਅਰਿਹੰਤਾਂ ਨੂੰ ਨਮਸਕਾਰ ਕਰਦਾ ਹਾਂ ਜਿਨ੍ਹਾਂ ਦਾ ਸੁਭਾਅ ਕੇਵਲ ਦਰਸ਼ਨ, ਕੇਵਲ ਗਿਆਨ, ਕੇਵਲ ਸੁੱਖ ਹੈ ਅਤੇ ਜੋ ਸੰਪੂਰਨ ਭਾਵ ਸਾਰੀ ਹੋਂਦ ਨੂੰ ਜਾਣਦੇ ਹਨ।

7

ਮੈਂ ਯੋਗੇਂਦੂ ਤਿੰਨ ਪ੍ਰਕਾਰ ਦੇ ਮੁਨੀਆਂ ਭਾਵ ਆਚਾਰਿਆ, ਉਪਾਧਿਆਇ ਅਤੇ ਸਾਧੂਆਂ ਨੂੰ ਨਮਸਕਾਰ ਕਰਦਾ ਹਾਂ। ਉਹ ਪਰਮ ਅਨੰਦ ਦੇ ਉਦੇਸ਼ ਤੋਂ ਪਰਮ ਸਮਾਧੀ ਵਿੱਚ ਸਥਿਤ ਹੁੰਦੇ ਹਨ ਅਤੇ ਉਨ੍ਹਾਂ ਦੀ ਦ੍ਰਿਸ਼ਟੀ ਪਰਮਾਤਮ ਵੱਲ ਹੁੰਦੀ ਹੈ।

8

ਸ਼ੁੱਧ ਭਾਵ ਤੋਂ ਪੰਜ ਪਰਮੇਸ਼ਟੀਆ ਨੂੰ ਨਮਸਕਾਰ ਕਰਕੇ ਯੋਗੇਂਦੂ ਦੇ ਚੇਲੇ ਭੱਟ ਪ੍ਰਭਾਕਰ ਆਪਣੇ ਗੁਰੂ ਸ੍ਰੀ ਯੋਗੇਂਦੂ ਨੂੰ ਪਵਿੱਤਰ ਭਾਵ ਨਾਲ ਬੇਨਤੀ ਕਰਦੇ ਹਨ।

9



ਹੇ ਸਵਾਮੀ ! ਇਸ ਸੰਸਾਰ ਵਿੱਚ ਰਹਿੰਦੇ ਹੋਏ ਮੈਨੂੰ ਲੰਬਾ ਸਮਾਂ ਬੀਤ ਗਿਆ, ਪਰ ਮੈਨੂੰ ਕੋਈ ਸੁੱਖ ਨਹੀਂ ਮਿਲਿਆ, ਉਲਟਾ ਮੈਂ ਦੁੱਖ ਹੀ ਪਾਇਆ ਹੈ।

10

ਇਸ ਲਈ ਕ੍ਰਿਪਾ ਕਰਕੇ ਉਸ ਪ੍ਰਮਾਤਮਾ ਬਾਰੇ ਦੱਸੋ ਜੋ ਚਾਰ ਗਤੀਆਂ ਦੇ ਦੁੱਖਾਂ ਤੋਂ ਸਤਾਏ ਸੰਸਾਰਿਕ ਜੀਵਾਂ ਦੇ ਸਾਰੇ ਦੁੱਖ ਦੂਰ ਕਰਨ ਵਾਲੇ ਹਨ।

11.

ਹੇ ! ਭੱਟ ਪ੍ਰਭਾਕਰ ਸੁਣੋ, ਮੈਂ ਪੰਜ ਪਰਮੇਸ਼ਟੀ ਨੂੰ ਨਮਸਕਾਰ ਕਰਕੇ ਅਤੇ ਮਨ ਵਿੱਚ ਸ਼ੁੱਧ ਭਾਵ ਧਾਰਨ ਕਰਕੇ ਆਤਮਾ ਦੇ ਤਿੰਨ ਪ੍ਰਕਾਰ ਦੱਸਦਾ ਹਾਂ।

12

ਆਤਮਾ ਤਿੰਨ ਪ੍ਰਕਾਰ ਹਨ : ਬਾਹਰੀ ਆਤਮਾ (ਮੂਰਖ ਭਾਵ) ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਅੰਤਰ ਆਤਮਾ ਦੇ ਸਵੈ-ਗਿਆਨ ਤੋਂ ਪ੍ਰਮਾਤਮਾ ਦੇ ਗਿਆਨ ਸਰੂਪ ਸੁਭਾਅ ਨੂੰ ਜਾਨਣਾ ਚਾਹੀਦਾ ਹੈ।

13

ਆਤਮਾ ਦੇ ਤਿੰਨ ਪ੍ਰਕਾਰ ਹਨ : ਮੂਢ, ਵਿਚੱਕਸ਼ਣ ਅਤੇ ਸ਼੍ਰੇਸ਼ਠ ਬ੍ਰਹਮ। ਭਾਵ ਆਤਮਾ ਦੇ ਆਧਾਰ ’ਤੇ ਤਿੰਨ ਪ੍ਰਕਾਰ ਦੇ ਮਨੁੱਖ ਹੁੰਦੇ ਹਨ, ਬਾਹਰੀ ਆਤਮਾ, ਅੰਤਰ ਆਤਮਾ

ਅਤੇ ਪ੍ਰਮਾਤਮਾ। ਜੋ ਦੇਹ ਨੂੰ ਹੀ ਆਤਮਾ ਮੰਨਦਾ ਹੈ, ਉਹ ਬਾਹਰੀ ਆਤਮਾ ਹੈ।

14

ਜੋ ਆਤਮਾ ਨੂੰ ਦੇਹ ਤੋਂ ਭਿੰਨ ਮੰਨਦਾ ਹੈ, ਉਹ ਪਰਮ ਗਿਆਨ ਵਾਲੇ ਪਰਮਾਤਮਾ ਨੂੰ ਜਾਣਦਾ ਹੈ। ਉਹ ਅੰਤਰ ਆਤਮਾ ਵਾਲਾ ਮਨੁੱਖ ਹੈ। ਉਹੀ ਪਰਮ ਸਮਾਧੀ ਵਿੱਚ ਸਥਿਤ ਹੋਣ ਵਾਲਾ ਅਸਲੀ ਗਿਆਨੀ ਹੈ।

15

ਜੋ ਕਰਮਾਂ ਤੋਂ ਮੁਕਤ ਤੋਂ ਹੋ ਚੁੱਕਿਆ ਹੈ, ਦੇਹ ਆਦਿ ਪਰਮ ਦ੍ਰਵ ਨੂੰ ਛੱਡ ਚੁੱਕਿਆ ਹੈ ਅਤੇ ਕੇਵਲ ਗਿਆਨ ਤੋਂ ਸੰਪੰਨ ਆਤਮਾ ਨੂੰ ਪ੍ਰਾਪਤ ਕਰ ਚੁੱਕਾ ਹੈ, ਉਹ ਪ੍ਰਮਾਤਮਾ ਹੈ।

16

ਜੋ ਤਿੰਨ ਲੋਕਾਂ ਦੇ ਜੀਵਾਂ ਰਾਹੀਂ ਨਮਸਕਾਰ ਯੋਗ ਹੈ, ਕੇਵਲ ਗਿਆਨ ਆਦਿ ਸਿੱਧੀਆਂ ਤੋਂ ਸੰਪੰਨ ਹੈ, ਹਰੀ, ਹਰ ਆਦਿ ਵੀ ਜਿਸ ਦਾ ਧਿਆਨ ਕਰਦੇ ਹਨ, ਉਸ ਪ੍ਰਮਾਤਮਾ ਦਾ ਚਿੰਤਨ ਬਹੁਤ ਹੀ ਸਥਿਰ ਮਨ ਨਾਲ ਕਰਨਾ ਚਾਹੀਦਾ ਹੈ।

17

ਜੋ ਨਿੱਤ, ਨਿਰੰਜਣ, ਕੇਵਲ ਗਿਆਨ ਤੋਂ ਸੰਪੰਨ ਅਤੇ ਪਰਮ ਅਨੰਦ ਸੁਭਾਵੀ ਹੈ, ਉਸ ਸ਼ਾਂਤ ਅਤੇ ਸ਼ਿਵ ਸਰੂਪ ਪ੍ਰਮਾਤਮਾ ਦਾ ਸ਼ੁੱਧ ਮਨ ਤੋਂ ਧਿਆਨ ਕਰੋ।

18



ਪ੍ਰਮਾਤਮਾ ਕਦੇ ਆਪਣੇ ਸੁਭਾਅ ਨੂੰ ਨਹੀਂ ਛੱਡਦਾ। ਕਦੇ ਪਰ ਸੁਭਾਅ (ਕਾਮ ਕ੍ਰੋਧ ਆਦਿ) ਨੂੰ ਗ੍ਰਹਿਣ ਨਹੀਂ ਕਰਦਾ ਅਤੇ ਹਮੇਸ਼ਾ ਸਭ ਕੁਝ ਜਾਣਦਾ ਹੈ, ਉਹ ਸ਼ਿਵ ਅਤੇ ਸ਼ਾਂਤ ਸਰੂਪ ਹੈ।

19

ਪ੍ਰਮਾਤਮਾ ਰੰਗ, ਰੂਪ, ਰਸ, ਗੰਧ, ਸਪਰਸ਼, ਸ਼ਬਦ, ਜਨਮ ਅਤੇ ਮਰਨ ਤੋਂ ਪਰੇ ਨਿਰੰਜਣ ਹੁੰਦਾ ਹੈ।

20

ਜੋ ਕ੍ਰੋਧ, ਮੋਹ ਤੇ ਹੰਕਾਰ, ਮਨ ਅਤੇ ਮਾਇਆ ਤੋਂ ਪਰੇ ਹੈ, ਉਸ ਦਾ ਕੋਈ ਧਿਆਨ ਸਥਾਨ (ਦਿਲ, ਦਿਮਾਗ) ਨਹੀਂ ਹੁੰਦਾ।

21.

ਉਹ ਪਾਪ, ਪੁੰਨ, ਖ਼ੁਸ਼ੀ, ਦੁੱਖ ਤੋਂ ਪਰੇ ਦੋਸ਼ ਰਹਿਤ ਭਾਵ ਨਿਰੰਜਣ ਹੁੰਦਾ ਹੈ।

22

ਪ੍ਰਮਾਤਮਾ ਦੀ ਨਾ ਕੋਈ ਧਾਰਨਾ ਹੁੰਦੀ ਹੈ, ਨਾ ਕੋਈ ਨਿਸ਼ਾਨਾ ਹੁੰਦਾ ਹੈ। ਉਸ ਕੋਲ ਕੋਈ ਮੰਤਰ, ਜੰਤਰ, ਮੰਡਲ ਅਤੇ ਮੁਦਰਾ ਨਹੀਂ ਹੁੰਦੀ। ਉਸ ਦਾ ਕੋਈ ਅੰਤ ਨਹੀਂ ਹੁੰਦਾ, ਉਹ ਅਨੰਤ ਹੈ।

23

ਉਸ ਅਨਾਦਿ ਪ੍ਰਮਾਤਮਾ ਨੂੰ ਵੇਦ, ਸ਼ਾਸਤਰ ਅਤੇ ਇੰਦਰੀਆਂ ਤੋਂ ਨਹੀਂ ਜਾਣਿਆ ਜਾਂਦਾ। ਉਹ ਤਾਂ ਸਿਰਫ਼ ਨਿਰਮਲ ਧਿਆਨ ਦਾ ਵਿਸ਼ਾ ਹੈ।

24

ਪ੍ਰਮਾਤਮਾ ਕੇਵਲ ਦਰਸ਼ਨ, ਕੇਵਲ ਗਿਆਨ, ਸ਼ੁੱਧ ਸੁਭਾਅ ਅਤੇ ਅਨੰਤ ਸ਼ਕਤੀ ਦਾ ਧਨੀ ਹੈ, ਉਹ ਅਰਿਹੰਤ ਤੋਂ ਅੱਗੇ ਸਿੱਧ ਪ੍ਰਮਾਤਮਾ ਹੈ।

25

ਉਪਰੋਕਤ ਲੱਛਣਾਂ ਵਾਲਾ ਉਹ ਸ੍ਰੇਸ਼ਠ ਅਤੇ ਨਿਰਾਕਾਰ ਦੇਵਤਾ ਹੈ। ਉਹ ਉਸ ਲੋਕ ਦੇ ਸ਼ਿਖ਼ਰ ਵਿੱਚ ਬਿਰਾਜਮਾਨ ਹੈ, ਜੋ ਤਿੰਨ ਲੋਕਾਂ ਦਾ ਨਿਸ਼ਾਨਾ ਹੈ।

26

ਜਿਵੇਂ ਨਿਰਮਲ ਗਿਆਨ ਵਾਲਾ ਸਿੱਧ ਪ੍ਰਮਾਤਮਾ ਮੋਕਸ਼ ਵਿੱਚ ਸਥਿਤ ਹੈ, ਠੀਕ ਉਸੇ ਤਰ੍ਹਾਂ ਸ੍ਰੇਸ਼ਠ ਪ੍ਰਮਾਤਮਾ ਸਾਡੇ ਸਰੀਰ ਵਿੱਚ ਨਿਵਾਸ ਕਰਦਾ ਹੈ। ਇਸ ਲਈ ਹੇ ਪ੍ਰਭਾਕਰ ਭੱਟ ! ਤੂੰ ਆਪਣੇ ਅਤੇ ਸਿੱਧ ਭਗਵਾਨ ਵਿੱਚ ਕੋਈ ਭੇਦ ਨਾ ਕਰੇ।

27

ਹੇ ਯੋਗੀ ! ਜਿਸ ਨੂੰ ਵੇਖਣ ਤੋਂ ਪਹਿਲਾਂ ਕੀਤੇ ਕਰਮ ਛੇਤੀ ਨਸ਼ਟ ਹੋ ਜਾਂਦੇ ਹਨ, ਤੁਸੀਂ ਉਸ ਪ੍ਰਮਾਤਮਾ ਨੂੰ ਜਾਨਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ, ਉਹ ਤੁਹਾਡੀ ਦੇਹ ਵਿੱਚ ਹੀ ਸਥਿਤ ਹੈ।



28

ਜਿਸ ਦੇ ਕੋਲ ਇੰਦਰੀਆਂ ਵਾਲਾ ਸੁੱਖ ਦੁੱਖ ਅਤੇ ਮਨ ਦੀ ਗਤੀ ਨਹੀਂ ਹੈ, ਹੇ ਜੀਵ ! ਤੂੰ ਉਸ ਆਤਮਾ ਨੂੰ ਜਾਣ ਅਤੇ ਬਾਕੀ ਸਭ ਨੂੰ ਛੱਡ ਦੇ।

29

ਦੇਹ ਤੋਂ ਵੱਖ ਹੋਏ ਵੀ ਆਤਮਾ ਦੇਹ ਦੇ ਅੰਦਰ ਹੈ। ਹੇ ਜੀਵ ! ਤੂੰ ਉਸ ਆਤਮ ਤੱਤਵ ਰੂਪੀ ਪ੍ਰਮਾਤਮਾ ਨੂੰ ਜਾਣ। ਆਤਮਾ ਤੋਂ ਵੱਖ ਜੋ ਵੀ ਕੁਝ ਹੈ, ਉਸ ਤੋਂ ਤੂੰ ਕੀ ਲੈਣਾ ਦੇਣਾ ?

30

ਜੀਵ ਅਤੇ ਅਜੀਵ ਨੂੰ ਇੱਕ ਨਾ ਮੰਨ। ਦੋਹਾਂ ਦੇ ਲੱਛਣ ਵੱਖ-ਵੱਖ ਹਨ, ਜੋ ਜੀਵ ਨਾਲ ਸਬੰਧਤ ਹਨ, ਅਤੇ ਜੋ ਅਜੀਵ ਨਾਲ ਸਬੰਧਤ ਹਨ, ਉਹ ਪਰਾਏ ਹਨ।

31

ਆਤਮਾ ਮਨ ਅਤੇ ਇੰਦਰੀਆਂ ਦੇ ਸਮੂਹ ਤੋਂ ਰਹਿਤ ਹੈ, ਉਹ ਨਿਰਾਕਾਰ, ਗਿਆਨ ਵਾਲਾ ਅਤੇ ਸ਼ੁੱਧ ਚੇਤਨਾ ਹੈ। ਇੰਦਰੀਆਂ ਦਾ ਉਸ 'ਤੇ ਕੋਈ ਜ਼ੋਰ ਨਹੀਂ ਚੱਲਦਾ।

32

ਸੰਸਾਰ ਤੇ ਸਰੀਰ ਦੇ ਭੋਗਾਂ ਤੋਂ ਵਿਰਕਤ ਹੋਇਆ ਜੋ ਮਨੁੱਖ, ਆਤਮਾ ਦਾ ਧਿਆਨ ਕਰਦਾ ਹੈ, ਉਸ ਦੀ ਸੰਸਾਰ ਰੂਪੀ ਮਜਬੂਤ ਤੋਂ ਮਜਬੂਤ ਵੇਲ ਨਸ਼ਟ ਹੋ ਜਾਂਦੀ ਹੈ।

33

ਦੇਹ ਦੇ ਮੰਦਿਰ ਵਿੱਚ ਜੋ ਅਨਾਦਿ, ਅਨੰਤ ਅਤੇ ਕੇਵਲ ਗਿਆਨ ਸਰੂਪ ਆਤਮਾ ਰੂਪੀ ਦੇਵਤਾ ਨਿਵਾਸ ਕਰਦੇ ਹਨ, ਉਹ ਹੀ ਪ੍ਰਮਾਤਮਾ ਹਨ।

34

ਦੇਹ ਵਿੱਚ ਨਿਵਾਸ ਕਰਦੇ ਹੋਏ ਵੀ ਆਤਮਾ ਦੇਹ ਨੂੰ ਨਹੀਂ ਛੂੰਹਦੀ। ਦੇਹ ਵੀ ਉਸ ਨੂੰ ਛੂੰਹਣ ਵਿੱਚ ਅਸਮਰੱਥ ਹੈ। ਉਹ ਆਤਮਾ ਪ੍ਰਮਾਤਮਾ ਹੀ ਹੈ।

35

ਸਮ ਭਾਵ ਵਿੱਚ ਸਥਿਤ ਯੋਗੀਆਂ ਦੇ ਅੰਦਰ ਜੋ ਆਤਮ ਸ਼ਕਤੀ ਪਰਮ ਅਨੰਦ ਨੂੰ ਉਤਪੰਨ ਕਰਦੀ ਹੋਈ ਫੁਰਨਾ ਹੁੰਦੀ ਹੈ, ਉਹ ਹੋਰ ਕੋਈ ਨਹੀਂ ਪ੍ਰਮਾਤਮਾ ਹੀ ਹੈ।

36

ਹੇ ਯੋਗੀ ! ਆਤਮਾ ਕਰਮਾਂ ਨਾਲ ਬੰਨ੍ਹੀ ਹੋਣ ਕਾਰਨ ਅਤੇ ਦੇਹ ਵਿੱਚ ਰਹਿਣ ਦੇ ਬਾਵਜੂਦ ਵੀ ਕਦੇ ਵੀ ਦੇਹ ਰੂਪ ਨਹੀਂ ਹੈ। ਉਹ ਅਸਲ ਵਿੱਚ ਪ੍ਰਮਾਤਮਾ ਹੀ ਹੈ।

37

ਆਤਮਾ ਗੁਪਤ ਰੂਪ ਵਿੱਚ ਦੇਹ ਰਹਿਤ ਹੈ, ਕਰਮਾਂ ਤੋਂ ਪਰੇ ਹੈ, ਬਾਹਰ ਦੀ ਦ੍ਰਿਸ਼ਟੀ ਰੱਖਣ ਦੇ ਕਾਰਨ ਸਿਰਫ਼ ਮੂਰਖ਼ ਹੀ ਉਸ ਨੂੰ ਦੇਹ ਮੰਨਦੇ ਹਨ, ਉਹ ਅਸਲ ਵਿੱਚ ਪ੍ਰਮਾਤਮਾ ਹੀ ਹੈ।

38



ਅਨੰਤ ਅਕਾਸ਼ ਵਿੱਚ ਜਿਵੇਂ ਇੱਕ ਨਛੱਤਰ ਚਮਕਦਾ ਹੈ, ਉਸੇ ਤਰ੍ਹਾਂ ਕੇਵਲ ਗਿਆਨ ਵਿੱਚ ਤਿੰਨ ਲੋਕ ਪ੍ਰਕਾਸ਼ਮਾਨ ਹਨ, ਉਹ ਪ੍ਰਮਾਤਮਾ ਹੈ।

39

ਯੋਗੀਆਂ ਦੇ ਸਮੂਹ ਮੋਕਸ਼ ਪ੍ਰਾਪਤੀ ਦੇ ਲਈ ਜਿਸ ਗਿਆਨਵਾਨ ਦਾ ਲਗਾਤਾਰ ਧਿਆਨ ਕਰਦੇ ਹਨ, ਉਹ ਧਿਆਨ ਦਾ ਵਿਸ਼ਾ ਹੀ ਪ੍ਰਮਾਤਮਾ ਹੈ।

40

ਆਤਮਾ ਗਿਆਨਾਵਰਨੀ ਆਦਿ ਕਰਮਾਂ ਦੇ ਕਾਰਨ ਅਨੇਕਾਂ ਪ੍ਰਕਾਰ ਦੇ ਸੰਸਾਰ ਨੂੰ ਉਤਪੰਨ ਕਰਦੀ ਹੈ। ਭਾਵ ਕਰਮਾਂ ਦੇ ਕਾਰਨ ਤ੍ਰਸ, ਸਥਾਵਰ ਰੂਪ ਵਿੱਚ ਅਨੇਕਾਂ ਜਨਮ ਲੈ ਕੇ ਇਸਤਰੀ ਲਿੰਗ, ਪੁਰਸ਼ ਲਿੰਗ ਅਤੇ ਨਿਪੁੰਸਕ ਲਿੰਗ ਬਣਦੀ ਹੈ। ਪਰ ਅਸਲ ਵਿੱਚ ਉਹ ਪ੍ਰਮਾਤਮਾ ਹੀ ਹੈ।

41

ਜਿਸ ਦੇ ਅੰਦਰ ਸੰਸਾਰ ਹੈ, ਭਾਵ ਜਿਸ ਨਾਲ ਸੰਸਾਰ ਦਿਖਾਈ ਦਿੰਦਾ ਹੈ ਅਤੇ ਜੋ ਸੰਸਾਰ ਦੇ ਅੰਦਰ ਹੈ, ਭਾਵ ਸੰਸਾਰ ਵਿੱਚ ਫ਼ੈਲਿਆ ਹੋਇਆ ਹੈ, ਪਰ ਸੰਸਾਰ ਵਿੱਚ ਫੈਲੇ ਹੋਏ ਵੀ ਸੰਸਾਰ ਨੂੰ ਰੌਸ਼ਨੀ ਦਿੰਦਾ ਹੋਇਆ ਵੀ, ਜੋ ਸੰਸਾਰ ਨਹੀਂ ਹੈ, ਉਹ ਹੀ ਪ੍ਰਮਾਤਮਾ ਹੈ।

42

ਆਤਮਾ ਸਰੀਰ ਵਿੱਚ ਨਿਵਾਸ ਕਰਦੀ ਹੈ, ਫਿਰ ਵੀ ਉਸ ਤੋਂ ਬਿਨਾਂ ਸਮਾਧੀ, ਬਿਨਾਂ ਤਪ ਦੇ ਹਰੀ, ਹਰ ਵੀ ਅੱਜ ਤੱਕ ਨਹੀਂ ਜਾਣ ਸਕੇ। ਉਹ ਆਤਮਾ ਹੀ ਪ੍ਰਮਾਤਮਾ ਹੈ।

43

(ਵਿਵਹਾਰਿਕ ਦ੍ਰਿਸ਼ਟੀ ਤੋਂ) ਉਤਪਾਤ (ਪੈਦਾ) ਵਿਆਇ (ਖ਼ਰਚ) ਵਾਲਾ ਹੁੰਦੇ ਹੋਏ ਵੀ ਆਤਮਾ ਅਸਲ ਵਿੱਚ ਇਨ੍ਹਾਂ ਤੋਂ ਪਰੇ ਹੈ। ਦੇਹ ਦੇ ਅੰਦਰ ਉਸ ਦੇ ਸਥਿਤ ਹੋਣ ਦੇ ਬਾਵਜੂਦ ਵੀ ਇਸ ਹਾਲਤ ਨੂੰ ਜਿਨੇਂਦਰ ਭਗਵਾਨ ਜਾਣਦੇ ਹਨ, ਤੂੰ ਉਸ ਪ੍ਰਮਾਤਮਾ ਨੂੰ ਜਾਣ।

44

ਆਤਮਾ ਦੇਹ ਵਿੱਚ ਰਹਿੰਦੀ ਹੈ ਤਾਂ ਇੰਦਰੀਆ ਦਾ ਪਿੰਡ ਆਬਾਦ ਰਹਿੰਦਾ ਹੈ। ਉਹ ਜਿੱਥੋਂ ਚਲੀ ਜਾਂਦੀ ਹੈ, ਤਾਂ ਉਹ ਪਿੰਡ ਉਜਾੜ ਹੋ ਜਾਂਦਾ ਹੈ। ਉਹ ਆਤਮਾ ਅਸਲ ਵਿੱਚ ਪ੍ਰਮਾਤਮਾ ਹੀ ਹੈ।

45

ਆਤਮਾ ਦੇਹ ਦੀ ਪੰਜ ਇੰਦਰੀਆ ਦੇ ਰਾਹੀਂ ਇੰਦਰੀਆਂ ਦੇ ਪੰਜ ਵਿਸ਼ਿਆ ਨੂੰ ਜਾਣਦੀ ਹੈ, ਪਰ ਇਹ ਇੰਦਰੀਆਂ ਅਤੇ ਇਨ੍ਹਾਂ ਦੇ ਪੰਜ ਵਿਸ਼ੇ ਆਤਮਾ ਨੂੰ ਨਹੀਂ ਜਾਣਦੇ। ਉਹ ਆਤਮਾ ਅਸਲ ਵਿੱਚ ਪ੍ਰਮਾਤਮਾ ਹੈ।

46

ਹੇ ਯੋਗੀ ! ਜਿਸ ਦਾ ਨਾ ਤਾਂ ਕੋਈ ਸੰਸਾਰ ਹੈ, ਨਾ ਕੋਈ ਕਰਮ ਬੰਦ ਹੈ, ਤੂੰ ਉਸ ਪ੍ਰਮਾਤਮਾ ਦਾ ਧਿਆਨ ਕਰ



ਅਤੇ ਆਪਣੇ ਮਨ ਨੂੰ ਸਾਰੇ ਸੰਸਾਰਿਕ ਕੰਮਕਾਰ ਤੋਂ ਮੁਕਤ ਕਰ ਲੈ।

47

ਮੁਕਤ ਜੀਵਾਂ ਦਾ ਗਿਆਨ ਵੀ ਤੇਜ਼ ਇੱਛਾਵਾਂ ਦੇ ਬਾਵਜੂਦ ਜਾਣਕਾਰੀ ਦੇ ਨਾ ਹੋਣ ਤੋਂ ਮੰਡਪ ਤੋਂ ਬਿਨਾਂ ਬੇਲ ਦੀ ਤਰ੍ਹਾਂ ਠਹਿਰ ਜਾਂਦਾ ਹੈ। ਇਸ ਲਈ ਪ੍ਰਮਾਤਮਾ ਦੇ ਜਿਸ ਕੇਵਲ ਗਿਆਨ ਵਿੱਚ ਉਤਕ੍ਰਿਸ਼ਟ ਸੁਭਾਵ ਦੇ ਨਾਲ ਸੰਪੂਰਨ ਰੂਪ ਵਿੱਚ ਪ੍ਰਗਟ ਹੋ ਰਿਹਾ ਹੈ, ਉਸ ਕੇਵਲ ਗਿਆਨ ਨੂੰ ਜਾਣ ਕੇ ਉਸ ਦਾ ਧਿਆਨ ਕਰੋ।

48

ਸਾਡੇ ਕਰਮ ਸਾਡੇ ਸੁੱਖ ਦੁੱਖ ਆਦਿ ਨੂੰ ਉਤਪੰਨ ਕਰਦੇ ਹਨ, ਪਰ ਜੋ ਨਾ ਕਿਸੇ ਤੋਂ ਉਤਪੰਨ ਹੁੰਦਾ ਹੈ, ਨਾ ਕਿਸੇ ਤੋਂ ਨਸ਼ਟ ਹੁੰਦਾ ਹੈ, ਉਸ ਪ੍ਰਮਾਤਮਾ ਦਾ ਧਿਆਨ ਕਰਨਾ ਚਾਹੀਦਾ ਹੈ।

49

ਕਰਮਾਂ ਨਾਲ ਬੰਨ੍ਹੀ ਹੋਈ ਆਤਮਾ ਕਦੇ ਕਰਮ ਰੂਪ ਨਹੀਂ ਹੁੰਦੀ ਅਤੇ ਕਰਮ ਵੀ ਕਦੇ ਆਤਮਾ ਰੂਪ ਨਹੀਂ ਹੁੰਦਾ। ਇਹ ਆਤਮਾ ਰੂਪੀ ਪ੍ਰਮਾਤਮਾ ਹੀ ਸਾਡੇ ਧਿਆਨ ਦਾ ਵਿਸ਼ਾ ਹੋਣਾ ਚਾਹੀਦਾ ਹੈ।

50

ਪ੍ਰਭਾਕਰ ਭੱਟ ਨੇ ਪ੍ਰਸ਼ਨ ਕੀਤਾ, ''ਕੁਝ ਲੋਕ ਆਤਮਾ ਨੂੰ ਸਰਵ ਵਿਆਪੀ, ਕੁਝ ਲੋਕ ਜੜ, ਕੁਝ ਲੋਕ ਸਰੀਰ ਪ੍ਰਮਾਣ

ਅਤੇ ਕੁਝ ਲੋਕ ਸ਼ੂਨਯ (ਸਿਫ਼ਰ) ਮੰਨਦੇ ਹਨ, ਅਸਲੀਅਤ ਕੀ ਹੈ ?

51

ਯੋਗੇਂਦੂ ਨੇ ਉੱਤਰ ਦਿੱਤਾ, ਹੇ ਯੋਗੀ ਪ੍ਰਭਾਕਰ ਭੱਟ ! ਆਤਮਾ ਸਰਵ ਵਿਆਪੀ ਵੀ ਹੈ, ਸਰੀਰ ਪ੍ਰਮਾਣ ਵੀ ਹੈ ਅਤੇ ਸ਼ੂਨਯ ਵੀ ਹੈ।

52

ਕਰਮਾਂ ਤੋਂ ਮੁਕਤ ਹੋਣ ਦੀ ਸਥਿਤੀ ਵਿੱਚ ਆਤਮਾ ਕੇਵਲ ਗਿਆਨ ਦੀ ਸ਼ਕਤੀ ਨਾਲ ਤਿੰਨ ਲੋਕਾਂ ਅਤੇ ਅਲੋਕ ਨੂੰ ਜਾਣਦੀ ਹੈ। ਇਸ ਲਈ ਇਹ ਸਰਵ ਵਿਆਪੀ ਹੈ।

53

ਸਵੈ-ਗਿਆਨ ਵਿੱਚ ਸਥਿਤ ਆਤਮਾ ਦਾ ਜਦ ਉਹ ਗਿਆਨ ਨਸ਼ਟ ਹੋ ਜਾਂਦਾ ਹੈ ਜੋ ਇੰਦਰੀਆਂ ਤੋਂ ਪ੍ਰਾਪਤ ਹੁੰਦਾ ਹੈ। ਇਸ ਲਈ ਹੇ ਯੋਗੀ ! ਆਤਮਾ ਜੜ ਵੀ ਹੈ।

54

ਆਤਮਾ ਘਟਣ ਵਧਣ ਦੇ ਕਾਰਨ ਦੇਹ ਅਧੀਨ ਨਹੀਂ, ਉਹ ਨਾ ਤਾਂ ਘਟਦੀ ਹੈ, ਨਾ ਵਧਦੀ ਹੈ, ਜਿਨੇਂਦਰ ਭਗਵਾਨ ਉਸ ਨੂੰ ਉਚਿਤ ਹੀ ਸਰੀਰ ਪ੍ਰਮਾਣ ਆਖਦੇ ਹਨ।

55

ਅਨੇਕਾਂ ਭੇਦਾਂ ਵਾਲੇ ਅੱਠ ਕਰਮ ਅਤੇ ਅਠਾਰਾਂ ਦੋਸ਼ਾਂ ਵਿੱਚ ਇੱਕ ਵੀ ਅਜਿਹਾ ਨਹੀਂ ਜੋ ਸ਼ੁੱਧ ਆਤਮਾ ਤੋਂ ਪ੍ਰਭਾਵਿਤ ਹੁੰਦਾ ਹੋਵੇ। ਇਸ ਲਈ ਉਹ ਸ਼ੂਨਯ ਹੈ।



56

ਆਤਮਾ ਨਾ ਤਾਂ ਕਿਸੇ ਤੋਂ ਉਤਪੰਨ ਹੋਈ ਹੈ ਅਤੇ ਨਾ ਉਸ ਨੇ ਕਿਸੇ ਨੂੰ ਉਤਪੰਨ ਕੀਤਾ ਹੈ। ਆਤਮਾ ਦ੍ਰਵ ਹੈ, ਪਰਿਆਇ (ਭਿੰਨ-ਭਿੰਨ ਰੂਪ) ਨਹੀਂ। ਦ੍ਰਵ ਦਾ ਸੁਭਾਅ ਤਾਂ ਨਿੱਤ ਹੁੰਦਾ ਹੈ। ਹਾਂ, ਪਰਿਆਇ ਜ਼ਰੂਰ ਨਸ਼ਟ ਹੁੰਦੀ ਹੈ।

57

ਹੇ ਪ੍ਰਭਾਕਰ ਭੱਟ ! ਦਰੱਵ, ਗੁਣ ਪਰਿਆਇ ਵਾਲਾ ਹੈ। ਗੁਣ ਤਾਂ ਨਿੱਤ ਹੈ, ਸਦਾ ਬਣੇ ਰਹਿੰਦੇ ਹਨ ਪਰ ਪਰਿਆਇ ਬਦਲਦੀ ਰਹਿੰਦੀ ਹੈ। ਸਿਲਸਿਲੇਵਾਰ ਅਨੇਕ ਰੂਪ ਧਾਰਨ ਕਰਦੀ ਹੈ।

58

ਆਤਮ ਜੀਵ ਦਰੱਵ ਹੈ। ਦਰਸ਼ਨ, ਗਿਆਨ ਆਦਿ ਉਸ ਦਰੱਵ ਦੇ ਗੁਣ ਹਨ। ਚਾਰ ਗਤੀਆਂ ਤੋਂ ਉਸ ਦੇ ਭਾਵ ਅਤੇ ਸਰੀਰ ਉਸ ਦੀ ਕਰਮ ਤੋਂ ਪੈਦਾ ਹੋਈ ਪਰਿਆਇ ਹੈ।

59

ਆਤਮਾ ਅਤੇ ਕਰਮਾਂ ਦਾ ਅਨਾਦਿ ਸਬੰਧ ਹੈ। ਨਾ ਆਤਮਾ ਨੇ ਕਰਮਾਂ ਨੂੰ ਉਤਪੰਨ ਕੀਤਾ ਹੈ ਅਤੇ ਨਾ ਕਰਮਾਂ ਨੇ ਆਤਮਾ ਨੂੰ। ਦੋਵੇਂ ਹੀ ਅਨਾਦਿ ਹਨ।

60

ਕਰਮਾਂ ਦੇ ਕਾਰਨ ਆਤਮਾ ਵਿਵਹਾਰ (ਬਾਹਰੀ) ਦ੍ਰਿਸ਼ਟੀ ਤੋਂ ਅਨੇਕ ਵਿਕਲਪਾਂ ਵਿੱਚ ਬਦਲਦੀ ਹੈ ਅਤੇ ਇਸ ਦੇ ਧਰਮ, ਅਧਰਮ, ਪਾਪ, ਪੁੰਨ ਹੁੰਦੇ ਹਨ।

61

ਹੇ ਯੋਗੀ ! ਜਿਹੜੇ ਕਰਮਾਂ ਨਾਲ ਢਕਿਆ ਆਤਮਾ ਆਪਣੇ ਮੂਲ ਸੁਭਾਅ ਨੂੰ ਪ੍ਰਾਪਤ ਨਹੀ ਕਰਦਾ। ਜੀਵ ਦੇ ਉਹ ਅੱਠ ਪ੍ਰਕਾਰ ਦੇ ਕਰਮ ਹਨ।

62

ਵਿਸ਼ੇ ਕਸ਼ਾਇ ਵਿੱਚ ਲੱਗੀ ਮੋਹ ਗ੍ਰਸਤ ਜੀਵਾਂ ਦੀ ਆਤਮਾ ਦੇ ਪ੍ਰਦੇਸ਼ਾਂ ਵਿੱਚ ਜੋ ਪਰਮਾਣੂ ਲੱਗ ਜਾਂਦੇ ਹਨ, ਜਿਨੇਂਦਰ ਦੇਵ ਉਨ੍ਹਾਂ ਨੂੰ ਕਰਮ ਆਖਦੇ ਹਨ।

63

ਪੰਜ ਇੰਦਰੀਆਂ ਮਨ, ਰਾਗ ਆਦਿ ਸਾਰੇ ਵਿਭਾਵ ਚਾਰਾਂ ਗਤੀਆਂ ਦੇ ਦੁੱਖ ਇਹ ਸਭ ਆਤਮਾ ਤੋਂ ਭਿੰਨ ਹਨ। ਇਹ ਜੀਵ ਤੋਂ ਕਰਮਾਂ ਦੀ ਉਪਜ ਹੈ।

64

ਜੀਵ ਦੇ ਅਨੇਕਾਂ ਪ੍ਰਕਾਰ ਦੇ ਸੁੱਖ ਦੁੱਖ ਤਾਂ ਉਨ੍ਹਾਂ ਦੇ ਕਰਮਾਂ ਦੀ ਹੀ ਉਪਜ ਹਨ, ਆਤਮਾ ਸਿਰਫ਼ ਵੇਖਦੀ ਤੇ ਜਾਣਦੀ ਹੈ।

65

ਜੀਵ ਦੇ ਕਰਮ ਹੀ ਉਸ ਦੇ ਬੰਧਨ ਤੇ ਮੋਕਸ਼ ਦੇ ਜਨਮਦਾਤਾ ਹਨ। ਇਸ ਹਵਾਲੇ ਵਿੱਚ ਆਤਮਾ ਦੀ ਕੋਈ ਭੂਮਿਕਾ ਨਹੀਂ ਹੈ।

66



ਆਤਮਾ ਤਾਂ ਲੰਗੜੇ ਦੇ ਸਮਾਨ ਹੈ। ਉਹ ਖੁਦ ਕਿਤੇ ਜਾਂਦੀ ਆਉਂਦੀ ਨਹੀਂ। ਤਿੰਨ ਲੋਕ ਵਿੱਚ ਉਸ ਨੂੰ ਲਿਆਉਣ ਵਾਲੇ ਕਰਮ ਹੀ ਹਨ।

67

ਆਤਮਾ ਹੀ ਆਪਣੀ ਹੈ, ਦੇਹ ਆਦਿ ਪਰਾਏ ਹਨ, ਆਤਮਾ ਕਦੇ ਪਰਦਰੱਵ ਦੀ ਨਹੀਂ ਹੁੰਦੀ ਅਤੇ ਪਰਦਰੱਵ ਕਦੇ ਆਤਮਾ ਦਾ ਨਹੀਂ ਹੁੰਦਾ।

68

ਆਤਮਾ ਨਾ ਤਾਂ ਜਨਮ ਲੈਂਦੀ ਹੈ, ਨਾ ਮਰਦੀ ਹੈ, ਉਹ ਬੰਧਨ ਤੇ ਮੋਕਸ਼ ਨੂੰ ਵੀ ਨਹੀਂ ਕਰਦੀ। ਅਜਿਹਾ ਜਿਨੇਂਦਰ ਭਗਵਾਨ ਨੇ ਕਿਹਾ ਹੈ।

69

ਆਤਮਾ ਦਾ ਨਾ ਜਨਮ ਹੁੰਦਾ ਹੈ, ਨਾ ਉਹ ਬੁੱਢੀ ਹੁੰਦੀ ਹੈ, ਨਾ ਉਹ ਬਿਮਾਰ ਹੁੰਦੀ ਹੈ, ਨਾ ਮਰਦੀ ਹੈ, ਉਸ ਦਾ ਕੋਈ ਲਿੰਗ, ਰੰਗ, ਰੂਪ ਅਤੇ ਨਾਉਂ ਨਹੀਂ ਹੁੰਦਾ

70

ਦੇਹ ਦਾ ਹੀ ਜਨਮ ਹੁੰਦਾ ਹੈ, ਉਹ ਹੀ ਬੁੱਢੀ ਹੈ, ਉਹ ਹੀ ਬਿਮਾਰ ਪੈਂਦੀ ਹੈ ਅਤੇ ਉਹ ਹੀ ਮਰਦੀ ਹੈ। ਭਿੰਨ-ਭਿੰਨ ਰੰਗ ਤੇ ਲਿੰਗ ਵੀ ਦੇਹ ਦੇ ਹੁੰਦੇ ਹਨ।

71

ਦੇਹ ਦੇ ਬੁਢਾਪੇ ਅਤੇ ਮੌਤ ਨੂੰ ਦੇਖ ਕੇ ਡਰਨਾ ਨਹੀਂ ਚਾਹੀਦਾ। ਕਿਉਂਕਿ ਜੋ ਆਤਮਾ ਹੈ ਉਹ ਤਾਂ ਅਜਰ ਅਮਰ ਤੇ ਪਰਦਰੱਵ ਹੈ।

72

ਇਹ ਸਰੀਰ ਦਾ ਭਾਵੇਂ ਛੇਦ ਹੋ ਜਾਵੇ, ਨਸ਼ਟ ਹੋ ਜਾਵੇ, ਪਰ ਅਸੀਂ ਇਸ ਦਾ ਫ਼ਿਕਰ ਨਾ ਕਰੀਏ। ਸ਼ੁੱਧ ਆਤਮਾ ਦਾ ਧਿਆਨ ਕਰੀਏ, ਉਸ ਤੋਂ ਭਵਸਾਗਰ ਦਾ ਕਿਨਾਰਾ ਮਿਲੇਗਾ।

73

ਕਰਮ ਦੁਆਰਾ ਪੈਦਾ ਕੀਤੇ ਰਾਗ ਆਦਿ ਭਾਵ ਤੇ ਸਰੀਰ ਅਚੇਤਨ ਪਦਾਰਥ ਹਨ। ਇਹ ਸਭ ਆਤਮਾ ਦੇ ਸੁਭਾਅ ਤੋਂ ਭਿੰਨ ਹਨ।

74

ਗਿਆਨ ਵਾਲੀ ਆਤਮਾ ਤੋਂ ਇਲਾਵਾ ਜੋ ਭਾਵ ਹਨ, ਉਨ੍ਹਾਂ ਨੂੰ ਛੱਡ ਕੇ ਸ਼ੁੱਧ ਆਤਮ ਸਰੂਪ ਦਾ ਧਿਆਨ ਕਰਨਾ ਚਾਹੀਦਾ ਹੈ।

75

ਅੱਠ ਕਰਮਾਂ ਅਤੇ ਸਾਰੇ ਵਿਕਾਰਾਂ ਨੂੰ ਛੱਡ ਕੇ, ਦਰਸ਼ਨ, ਗਿਆਨ ਅਤੇ ਚਰਿੱਤਰ ਤੋਂ ਭਰਪੂਰ ਆਤਮਾ ਦਾ ਧਿਆਨ ਕਰਨਾ ਚਾਹੀਦਾ ਹੈ।

76



ਸਵੈ ਤੋਂ ਸਵੈ ਨੂੰ ਜਾਣਦਾ ਹੋਇਆ, ਜੀਵ ਸਮਿਅਕ ਦ੍ਰਿਸ਼ਟੀ ਹੋ ਜਾਂਦਾ ਹੈ ਅਤੇ ਉਸ ਨੂੰ ਛੇਤੀ ਹੀ ਕਰਮਾਂ ਤੋਂ ਛੁਟਕਾਰਾ ਮਿਲਦਾ ਹੈ।

77

ਪਰਿਆਇ ਵਿੱਚ ਫ਼ਸਿਆ ਮਨੁੱਖ ਮਿੱਥਿਆ ਦ੍ਰਿਸ਼ਟੀ ਹੁੰਦਾ ਹੈ। ਉਹ ਅਨੇਕ ਪ੍ਰਕਾਰ ਦੇ ਕਰਮਾਂ ਨੂੰ ਬੰਨ੍ਹਦਾ ਰਹਿੰਦਾ ਹੈ। ਜਿਸ ਦੇ ਕਾਰਨ ਉਸ ਦਾ ਸੰਸਾਰ ਦਾ ਜਨਮ-ਮਰਨ ਦਾ ਚੱਕਰ ਨਹੀਂ ਰੁਕਦਾ।

78

ਕਰਮ ਤਾਕਤਵਰ, ਮਜ਼ਬੂਤ, ਚਿਕਨੇ, ਭਾਰੀ, ਪੱਥਰ ਦੀ ਤਰ੍ਹਾਂ ਕਠੋਰ ਅਤੇ ਅਭੇਦ ਹਨ। ਉਹ ਗਿਆਨਵਾਨ ਆਤਮਾ ਨੂੰ ਬੁਰੇ ਰਾਹ 'ਤੇ ਲੈ ਜਾਂਦੇ ਹਨ।

79

ਮਿੱਥਿਆਤਵ ਵਿੱਚ ਪਿਆ ਹੋਇਆ ਜੀਵ, ਆਤਮਾ ਨੂੰ ਕੁਝ ਦਾ ਕੁਝ ਸਮਝਦਾ ਹੈ। ਕਰਮਾਂ ਰਾਹੀਂ ਬਣੇ ਸਰੀਰ ਆਦਿ ਪਰ ਭਾਵ ਨੂੰ ਜੀਵ ਉਹ ਆਤਮਾ ਮੰਨ ਬੈਠਦਾ ਹੈ।

80

ਮਿੱਥਿਆਤਵ ਵਿੱਚ ਪਿਆ ਹੋਇਆ ਉਹ ਅਗਿਆਨੀ ਜੀਵ, ਮੈਂ ਗੋਰਾ ਹਾਂ, ਕਾਲਾ ਹਾਂ, ਭਿੰਨ ਭਿੰਨ ਰੰਗਾਂ ਵਾਲਾ ਹਾਂ, ਪਤਲਾ ਹਾਂ, ਮੋਟਾ ਹਾਂ, ਅਜਿਹਾ ਸਮਝਦਾ ਹੈ।

81

ਮੈਂ ਸ੍ਰੇਸ਼ਠ ਬ੍ਰਾਹਮਣ ਹਾਂ, ਬਾਣੀਆਂ ਹਾਂ, ਖੱਤਰੀ ਹਾਂ, ਸੂਦਰ ਹਾਂ, ਇਸਤਰੀ ਹਾਂ, ਪੁਰਸ਼ ਹਾਂ, ਨਪੁੰਸਕ ਹਾਂ, ਇਸ ਪ੍ਰਕਾਰ ਉਹ ਸਰੀਰ ਦੀਆ ਵਿਸ਼ੇਸ਼ਾਵਾਂ ਨੂੰ ਆਪਣੀ ਵਿਸ਼ੇਸ਼ਤਾ ਮੰਨਦਾ ਹੈ।

82

ਮੈਂ ਜਵਾਨ ਹਾਂ, ਬੁੱਢਾ ਹਾਂ, ਸੂਰਵੀਰ ਹਾਂ, ਵਿਦਵਾਨ ਹਾਂ, ਸਰਵ ਸ੍ਰੇਸ਼ਠ ਹਾਂ, ਦਿਗੰਬਰ ਹਾਂ, ਬੋਧ ਹਾਂ, ਸ਼ਵੇਤਾਂਬਰ ਹਾਂ, ਆਦਿ ਭੇਦਾਂ ਨੂੰ ਅਗਿਆਨੀ ਜੀਵ ਆਪਣਾ ਭੇਦ ਮੰਨਦਾ ਹੈ।

83

ਮਾਤਾ, ਪਿਤਾ, ਪਤਨੀ, ਘਰ, ਪੁੱਤਰ, ਮਿੱਤਰ, ਸੰਪਤੀ ਆਦਿ ਸਭ ਮਾਇਆ ਜਾਲ ਹਨ, ਝੂਠੇ ਹਨ, ਤਾਂ ਵੀ ਉਹ ਅਗਿਆਨੀ ਜੀਵ ਇਨ੍ਹਾਂ ਨੂੰ ਆਪਣਾ ਮੰਨਦਾ ਹੈ।

84

ਪੰਜ ਇੰਦਰੀਆਂ ਦੇ ਵਿਸ਼ੇ ਦੁੱਖ ਦੇ ਕਾਰਨ ਹਨ, ਅਗਿਆਨੀ ਜੀਵ ਇਨ੍ਹਾਂ ਨੂੰ ਸੁੱਖ ਦਾ ਕਾਰਨ ਮੰਨਦਾ ਹੈ, ਉਨ੍ਹਾਂ ਵਿੱਚ ਰਮਨ ਕਰਦਾ ਹੈ। ਸੱਚ ਹੈ, ਇਸ ਸੰਸਾਰ ਵਿੱਚ ਅਗਿਆਨੀ ਜੀਵ ਕੀ ਕੀ ਅਜੂਬੇ ਨਹੀਂ ਕਰਦਾ।

85

ਸਮਾਂ ਬੀਤਣ ਦੇ ਨਾਲ ਨਾਲ ਜਿਵੇਂ ਜਿਵੇਂ ਮੋਹ ਘੱਟ ਹੋ ਜਾਂਦਾ ਹੈ, ਉਵੇਂ ਉਵੇਂ ਜੀਵ ਸਮਿਅਕ ਦਰਸ਼ਨ ਨੂੰ ਪ੍ਰਾਪਤ



ਕਰਦਾ ਹੈ ਅਤੇ ਨਿਸ਼ਚਿਤ ਰੂਪ ਤੋਂ ਆਤਮਾ ਨੂੰ ਜਾਨਣ ਲੱਗਦਾ ਹੈ।

86

ਆਤਮਾ ਗੋਰੀ, ਕਾਲੀ ਜਾਂ ਲਾਲ ਨਹੀਂ। ਉਹ ਸੂਖ਼ਮ ਅਤੇ ਮੋਟੀ ਵੀ ਨਹੀਂ। ਗਿਆਨੀ ਵਿਅਕਤੀ ਆਪਣੇ ਗਿਆਨ ਰਾਹੀਂ ਉਸ ਦੀ ਅਸਲੀਅਤ ਨੂੰ ਦੇਖਦਾ ਜਾਣਦਾ ਹੈ।

87

ਆਤਮਾ ਬ੍ਰਾਹਮਣ ਨਹੀਂ, ਖੱਤਰੀ ਨਹੀਂ, ਵੈਸ਼ ਅਤੇ ਸ਼ੂਦਰ ਵੀ ਨਹੀਂ ਹੈ। ਉਹ ਪੁਰਸ਼, ਇਸਤਰੀ ਅਤੇ ਨਪੁੰਸਕ ਵੀ ਨਹੀਂ ਹੈ। ਸਿਰਫ਼ ਗਿਆਨੀ ਹੀ ਉਸ ਨੂੰ ਸੰਪੂਰਨ ਜਾਣਦਾ ਹੈ।

88

ਆਤਮਾ ਨਾ ਤਾਂ ਬੋਧ ਹੈ, ਨਾ ਦਿਗੰਬਰ, ਸ਼ਵੇਤਾਂਬਰ ਹੈ, ਇਹ ਕੋਈ ਭੇਖ ਧਾਰਨ ਨਹੀਂ ਕਰਦੀ। ਸੱਚੇ ਰੂਪ ਵਿੱਚ ਉਸ ਨੂੰ ਯੋਗੀ ਤੇ ਗਿਆਨੀ ਹੀ ਜਾਣਦੇ ਹਨ।

89

ਆਤਮਾ ਨਾ ਤਾਂ ਗੁਰੂ ਹੈ, ਨਾ ਚੇਲਾ ਹੈ, ਨਾ ਮਾਲਕ ਹੈ, ਨਾ ਨੌਕਰ ਹੈ, ਨਾ ਸੂਰਵੀਰ ਹੈ, ਅਤੇ ਨਾ ਕਾਇਰ ਹੈ। ਉਹ ਉੱਚ ਜਾਂ ਨੀਚ ਕੁਲ ਦੀ ਵੀ ਨਹੀਂ।

90

ਯੋਗੀ ਤੇ ਗਿਆਨੀ ਮਨੁੱਖ ਹੀ ਇਸ ਸੱਚਾਈ ਨੂੰ ਜਾਣਦੇ ਹਨ ਕਿ ਆਤਮਾ ਨਾ ਤਾ ਪੁਰਸ਼ ਹੈ, ਨਾ ਦੇਵਤਾ ਹੈ, ਨਾ ਪਸ਼ੂ ਹੈ, ਤੇ ਨਾ ਨਾਰਕੀ ਹੈ।

91

ਆਤਮਾ ਨਾ ਗਿਆਨੀ ਹੈ ਨਾ ਮੂਰਖ਼ ਹੈ, ਆਤਮਾ ਨਾ ਧਨਵਾਨ ਹੈ ਨਾ ਗਰੀਬ ਹੈ, ਉਹ ਜਵਾਨ, ਬੁੱਢੀ ਅਤੇ ਬਾਲਕ ਵੀ ਨਹੀਂ ਹੈ, ਅਸਲ ਵਿੱਚ ਇਹ ਸਾਰੇ ਪ੍ਰਕਾਰ ਤਾਂ ਕਰਮਾਂ ਦੇ ਹੁੰਦੇ ਹਨ।

92

ਪੁੰਨ, ਪਾਠ, ਅਕਾਸ਼, ਕਾਲ, ਧਰਮ ਅਧਰਮ ਅਤੇ ਸਰੀਰ ਇਨ੍ਹਾਂ ਵਿੱਚੋਂ ਕੋਈ ਵੀ ਆਤਮਾ ਨਹੀਂ ਹੈ। ਇੱਕ ਚੇਤਨ ਭਾਵ ਹੀ ਆਤਮਾ ਹੈ। ਉਹੀ ਆਪਣਾ ਹੈ।

93

ਆਤਮਾ ਸੰਜਮ ਹੈ, ਸ਼ੀਲ ਹੈ, ਤਪ ਹੈ, ਉਹ ਦਰਸ਼ਨ ਤੇ ਗਿਆਨ ਹੈ, ਖੁਦ ਨੂੰ ਜਾਨਣ ਵਾਲੀ ਆਤਮਾ ਸਹੀ ਮੋਕਸ਼ ਹੈ।

94

ਆਤਮਾ ਤੋਂ ਇਲਾਵਾ ਨਾ ਤਾਂ ਕੋਈ ਸਮਿਅਕ ਦਰਸ਼ਨ ਹੈ, ਨਾ ਸਮਿਅਕ ਗਿਆਨ ਹੈ ਅਤੇ ਨਾ ਸਮਿਅਕ ਚਰਿੱਤਰ ਹੈ, ਇਸ ਲਈ ਹੇ ਜੀਵ ! ਆਤਮਾ ਨੂੰ ਜਾਣ।

95

ਆਪਣੀ ਨਿਰਮਲ ਆਤਮਾ ਤੋਂ ਇਲਾਵਾ ਕੋਈ ਤੀਰਥ, ਗੁਰੂ ਤੇ ਦੇਵਤਾ ਨਹੀਂ। ਇਸ ਲਈ ਹੇ ਜੀਵ ਕਿਸੇ ਪ੍ਰਕਾਰ ਦੇ ਤੀਰਥ 'ਤੇ ਨਾ ਜਾ, ਕਿਸੇ ਦੂਸਰੇ ਨੂੰ ਗੁਰੂ ਨਾ ਮੰਨ, ਕਿਸੇ ਦੂਸਰੇ ਦੇਵਤਾ ਨੂੰ ਦੇਵਤਾ ਮੰਨ ਕੇ ਧਿਆਨ ਨਾ ਕਰ।



96

ਕੇਵਲ ਇੱਕ ਆਤਮਾ ਹੀ ਸਮਿਅਕ ਦਰਸ਼ਨ ਹੈ, ਦੂਸਰਾ ਸਭ ਕੁਝ ਬਾਹਰੀ ਹੈ। ਇਸ ਲਈ ਹੇ ਯੋਗੀ ! ਇੱਕ ਮਾਤਰ ਆਤਮਾ ਦਾ ਹੀ ਧਿਆਨ ਕਰ, ਇਹੋ ਤਿੰਨ ਲੋਕ ਦਾ ਸਾਰ ਹੈ।

97

ਹੇ ਯੋਗੀ ! ਤੂੰ ਸਿਰਫ਼ ਨਿਰਮਲ ਆਤਮਾ ਦਾ ਹੀ ਧਿਆਨ ਕਰ। ਉਸ ਦਾ ਧਿਆਨ ਕਰਦੇ ਹੋਏ ਛੇਤੀ ਹੀ ਤੈਨੂੰ ਮੋਕਸ਼ ਪਦ ਮਿਲਦਾ ਹੈ। ਇਸ ਲਈ ਤੂੰ ਦੂਸਰੇ ਪਦਾਰਥਾਂ ਤੋਂ ਕੀ ਲੈਣਾ ਹੈ ?

98

ਜਿਸ ਮਨੁੱਖ ਦੇ ਮਨ ਵਿੱਚ ਨਿਰਮਲ ਆਤਮਾ ਦਾ ਨਿਵਾਸ ਨਹੀਂ, ਉਸ ਨੂੰ ਸ਼ਾਸਤਰ, ਪੁਰਾਣ ਅਤੇ ਤਪੱਸਿਆ ਵੀ ਮੁਕਤੀ ਨਹੀਂ ਦਿਲਵਾ ਸਕਦੇ।

99

ਹੇ ਯੋਗੀ ! ਆਪਣੀ ਆਤਮਾ ਨੂੰ ਜਾਨਣਾ ਸਾਰੇ ਸੰਸਾਰ ਨੂੰ ਜਾਨਣਾ ਹੈ ਕਿਉਂਕਿ ਆਤਮਾ ਦੇ ਭਾਵ ਰੂਪ ਕੇਵਲ ਗਿਆਨ ਵਿੱਚ ਇਹ ਪੂਰਾ ਲੋਕ ਹੀ ਝਲਕਦਾ ਹੈ।

100

ਆਤਮ ਸੁਭਾਅ ਵਿੱਚ ਸਥਿਤ ਮਨੁੱਖ ਨੂੰ ਪ੍ਰਤੱਖ ਰੂਪ ਤੋਂ ਇਹ ਲਾਭ ਹੁੰਦਾ ਹੈ ਕਿ ਉਹ ਛੇਤੀ ਹੀ ਆਪਣੀ ਆਤਮਾ ਵਿੱਚ ਅਲੋਕ ਅਤੇ ਤਿੰਨ ਲੋਕ ਵੇਖਣ ਲੱਗ ਜਾਂਦਾ ਹੈ।

101

ਅਕਾਸ਼ ਵਿੱਚ ਸੂਰਜ ਦਾ ਪ੍ਰਕਾਸ਼ ਖੁਦ ਨੂੰ ਅਤੇ ਦੂਸਰਿਆਂ ਨੂੰ ਰੋਸ਼ਨੀ ਦਿੰਦਾ ਹੈ। ਹੇ ਯੋਗੀ ! ਆਤਮਾ ਦਾ ਸੁਭਾਅ ਵੀ ਅਜਿਹਾ ਹੀ ਹੁੰਦਾ ਹੈ। ਇਸ ਲਈ ਕਿਸੇ ਭਰਮ ਵਿੱਚ ਨਾ ਪਵੋ।

102

ਜਿਸ ਤਰ੍ਹਾਂ ਨਿਰਮਲ ਪਾਣੀ ਵਿੱਚ ਤਾਰਿਆਂ ਦਾ ਸਮੂਹ ਵਿਖਾਈ ਦਿੰਦਾ ਹੈ, ਉਸੇ ਤਰ੍ਹਾਂ ਹੀ ਨਿਰਮਲ ਆਤਮਾ ਵਿੱਚ ਅਲੋਕ ਅਤੇ ਤਿੰਨ ਲੋਕ ਵਿਖਾਈ ਦਿੰਦੇ ਹਨ।

103

ਆਤਮਾ ਨੂੰ ਜਾਨਣ ਨਾਲ ਉਸ ਦੇ ਸਾਰੇ ਦੂਸਰੇ ਪਦਾਰਥ ਵੀ ਜਾਣ ਲਏ ਜਾਂਦੇ ਹਨ, ਇਸ ਲਈ ਹੇ ਯੋਗੀ ! ਆਪਣੇ ਆਤਮ ਗਿਆਨ ਦੇ ਸਹਾਰੇ ਉਸ ਆਪਣੀ ਆਤਮਾ ਨੂੰ ਜਾਣ।

104

ਪ੍ਰਭਾਕਰ ਭੱਟ ਨੇ ਸਹਿਮਤੀ ਪੂਰਵਕ ਬੇਨਤੀ ਕੀਤੀ ਅਤੇ ਕਿਹਾ, ''ਹੇ ਭਗਵਾਨ ! ਜਿਸ ਗਿਆਨ ਤੋਂ ਮੈਂ ਛੇਤੀ ਹੀ ਆਪਣੀ ਆਤਮਾ ਨੂੰ ਜਾਣ ਸਕਦਾ ਹਾਂ, ਉਹ ਗਿਆਨ ਮੇਰੇ ਗਿਆਨ ਪ੍ਰਕਾਸ਼ਿਤ ਕਰੋ। ਮੈਨੂੰ ਕਿਸੇ ਹੋਰ ਚੀਜ਼ ਦੀ ਜ਼ਰੂਰਤ ਨਹੀਂ।

105

ਯੋਗੇਂਦੂ ਨੇ ਕਿਹਾ, ''ਹੇ ਪ੍ਰਭਾਕਰ ਭੱਟ ! ਤੁਸੀਂ ਆਪਣੀ ਆਤਮਾ ਨੂੰ ਹੀ ਗਿਆਨ ਸਮਝੋ। ਜੋ ਮਨੁੱਖ ਆਤਮਾ ਨੂੰ ਜਾਣਦਾ ਹੈ, ਉਸ ਦਾ ਗਿਆਨ ਲੋਕ ਦੇ ਬਰਾਬਰ ਅਤੇ ਆਕਾਸ਼ ਦੇ ਬਰਾਬਰ ਹੈ।

106

ਇਸ ਆਤਮਾ ਤੋਂ ਇਲਾਵਾ ਜੋ ਹੈ ਉਹ ਗਿਆਨ ਨਹੀਂ ਹੈ। ਇਸ ਲਈ ਹੇ ਪ੍ਰਭਾਕਰ ਭੱਟ ! ਤੁਸੀਂ ਧਰਮ, ਅਰਥ, ਕਾਮ ਇਨ੍ਹਾਂ ਤਿੰਨਾਂ ਨੂੰ ਛੱਡ ਕੇ ਸਿਰਫ਼ ਆਤਮਾ ਨੂੰ ਜਾਣੋ।

107

ਆਤਮਾ ਨੂੰ ਗਿਆਨ ਰਾਹੀਂ ਸਮਝਿਆ ਜਾ ਸਕਦਾ ਹੈ। ਗਿਆਨ ਹੀ ਆਤਮਾ ਨੂੰ ਜਾਣਦਾ ਹੈ। ਇਸ ਲਈ ਧਰਮ, ਅਰਥ, ਕਾਮ ਇਨ੍ਹਾਂ ਤਿੰਨਾਂ ਨੂੰ ਛੱਡ ਕੇ ਗਿਆਨ ਤੋਂ ਹੀ ਆਤਮਾ ਨੂੰ ਜਾਣੋ।

108

ਮਨੁੱਖ ਜਦ ਤੱਕ ਗਿਆਨ ਸਰੂਪ ਆਪਣੀ ਆਤਮਾ ਨੂੰ ਨਹੀਂ ਜਾਣਦਾ, ਤਦ ਤੱਕ ਉਹ ਅਗਿਆਨੀ ਹੈ, ਅਗਿਆਨੀ ਹੋਣ ਤੋਂ ਭਲਾਂ ਕੀ ਉਹ ਆਪਣੇ ਗਿਆਨ ਸਰੂਪ, ਪਾਰਬ੍ਰਹਮ ਸਰੂਪ ਨੂੰ ਪਾ ਸਕਦਾ ਹੈ ?

109

ਜੋ ਮਨੁੱਖ ਆਪਣੀ ਸ਼ੁੱਧ ਆਤਮਾ ਨੂੰ ਵੇਖ ਅਤੇ ਜਾਣ ਸਕਦਾ ਹੈ, ਉਹ ਆਪਣੇ ਸਰੂਪ ਨੂੰ ਜਾਣ ਕੇ ਪ੍ਰਮਾਤਮ ਤੱਤ ਨੂੰ ਪ੍ਰਾਪਤ ਕਰ ਲੈਂਦਾ ਹੈ।

110

ਮੁਨੀਆਂ ਦੇ ਸਮੂਹ ਦੇ ਦਿਲ ਵਿੱਚ ਅਤੇ ਹਰੀਹਰ ਦੇ ਦਿਲ ਵਿੱਚ ਨਿਵਾਸ ਕਰਨ ਵਾਲੀ ਉਹ ਸਰਵੋਤਮ ਅਤੇ ਗਿਆਨ ਵਾਲੀ ਪਰਮ ਆਤਮਾ ਨੂੰ ਹੀ ਪਰਲੋਕ ਆਖਦੇ ਹਨ।

111

ਜਿਸ ਮਨੁੱਖ ਦੀ ਬੁੱਧੀ ਆਪਣੇ ਆਤਮ ਸਰੂਪ ਵਿੱਚ ਸਥਿਤ ਹੁੰਦੀ ਹੈ, ਉਸ ਨੂੰ ਉੱਚਤਾ ਪ੍ਰਾਪਤ ਹੁੰਦੀ ਹੈ। ਕਿਉਂਕਿ ਮਨੁੱਖ ਦੀ ਜਿਹੋ ਜਿਹੀ ਬੁੱਧੀ ਹੁੰਦੀ ਹੈ, ਉਹੋ ਜਿਹੀ ਉਸ ਦੀ ਗਤੀ ਹੁੰਦੀ ਹੈ।

112

ਹੇ ਜੀਵ ! ਜਿਹੋ ਜਿਹੀ ਤੇਰੀ ਬੁੱਧੀ ਹੋਵੇਗੀ, ਉਸੇ ਤਰ੍ਹਾਂ ਮਰਨ ਤੋਂ ਬਾਅਦ ਤੇਰੀ ਗਤੀ ਹੋਵੇਗੀ। ਇਸ ਲਈ ਤੂੰ ਪਾਰਬ੍ਰਹਮ (ਆਤਮਾ ਸਰੂਪ ਨੂੰ ਛੱਡ ਕੇ) ਹੋਰ ਦਰੱਵ ਵਿੱਚ, ਅਨਾਤਮ ਵਿੱਚ ਆਪਣੀ ਬੁੱਧੀ ਨੂੰ ਨਾ ਜੋੜ।

113

ਆਤਮਾ ਤੱਤਵ ਤੋਂ ਇਲਾਵਾ ਜੋ ਜੜ ਪਦਾਰਥ ਹਨ, ਉਹ ਪਰ-ਦਰੱਵ ਹਨ। ਪੁਦਗਲ, ਧਰਮ, ਅਧਰਮ, ਆਕਾਸ਼, ਕਾਲ ਇਹ ਸਭ ਪਰ-ਦਰੱਵ ਹਨ।

114

ਜੇ ਕੁਝ ਪਲ ਦੇ ਲਈ ਵੀ ਕੋਈ ਪਰਮਾਤਮਾ ਨਾਲ ਪ੍ਰੇਮ ਕਰਦਾ ਹੈ ਤਾਂ ਜਿਵੇਂ ਇੱਕ ਛੋਟੀ ਜਿਹੀ ਚਿੰਗਾਰੀ ਤੋਂ



ਲੱਕੜੀ ਦਾ ਪਹਾੜ ਭਸਮ ਹੋ ਜਾਂਦਾ ਹੈ, ਉਸ ਤਰ੍ਹਾਂ ਉਸ ਦੇ ਸਾਰੇ ਪਾਪ ਭਸਮ ਹੋ ਜਾਂਦੇ ਹਨ।

115

ਹੇ ਜੀਵ ! ਸਾਰੀਆਂ ਚਿੰਤਾਵਾਂ ਨੂੰ ਛੱਡ ਕੇ ਆਪਣੇ ਮਨ ਤੋਂ ਪਰਮ ਪਦ ਵਿੱਚ ਭਾਵ ਆਪਣੇ ਆਤਮ ਸਰੂਪ ਵਿੱਚ ਸਥਿਤ ਹੋ ਕੇ ਇਸੇ ਤਰ੍ਹਾਂ ਨਿਰੰਜਨ ਦੇਵ ਨੂੰ ਵੇਖ।

116

ਧਿਆਨ ਪੂਰਵਕ ਆਪਣੀ ਸ਼ੁੱਧ ਆਤਮਾ ਦਾ ਅਨੁਭਵ ਕਰਕੇ ਤੁਸੀਂ ਪਰਮ ਸੁੱਖ ਨੂੰ ਪਾ ਸਕਦੇ ਹੋ। ਇਸ ਤਿੰਨ ਲੋਕਾਂ ਵਿੱਚ ਪਰਮਾਤਮਾ ਤੋਂ ਇਲਾਵਾ ਕੁਝ ਨਹੀਂ ਹੈ।

117

ਆਤਮ ਸਰੂਪ ਦਾ ਧਿਆਨ ਕਰਦੇ ਹੋਏ ਤਪੱਸਵੀ ਮੁਨੀ ਨੂੰ ਜੋ ਅਨੰਤ ਸੁੱਖ ਮਿਲਦਾ ਹੈ, ਉਹ ਸੁੱਖ ਕਰੋੜਾਂ ਦੇਵੀਆਂ ਦੇ ਨਾਲ ਘੁੰਮਣ ਵਾਲੇ ਇੰਦਰ ਨੂੰ ਵੀ ਨਹੀਂ ਮਿਲਦਾ।

118

ਆਤਮਾ ਸਰੂਪ ਦਾ ਅਨੁਭਵ ਕਰਨ ਤੋਂ ਜੋ ਅਨੰਤ ਸੁੱਖ ਜਿਨਵਰਾਂ ਨੂੰ ਹੁੰਦਾ ਹੈ, ਉਹ ਸੁੱਖ ਬੀਤਰਾਗ ਮਨੁੱਖ ਨੂੰ ਆਪਣੀ ਸ਼ੁੱਧ ਆਤਮ ਸੁਭਾਅ ਅਤੇ ਸ਼ਾਂਤ ਭਾਵ ਨੂੰ ਜਾਨਣ ਨਾਲ ਮਿਲਦਾ ਹੈ।

119

ਜਿਵੇਂ ਬੱਦਲਾਂ ਤੋਂ ਰਹਿਤ ਨਿਰਮਲ ਅਕਾਸ਼ ਵਿੱਚ ਸੂਰਜ ਚਮਕਦਾ ਹੈ, ਉਵੇਂ ਹੀ ਹੇ ਯੋਗੀ ! ਰਾਗ ਆਦਿ ਤੋਂ ਰਹਿਤ

ਆਪਣੇ ਨਿਰਮਲ ਮਨ ਵਿੱਚ ਕਲਿਆਣਕਾਰੀ ਅਤੇ ਸ਼ਾਂਤ ਪਰਮਾਤਮਾ ਵਿਖਾਈ ਦਿੰਦਾ ਹੈ।

120

ਹੇ ਪ੍ਰਭਾਕਰ ਭੱਟ ! ਤੁਸੀਂ ਸ਼ੱਕ ਰਹਿਤ ਹੋ ਕੇ ਜਾਣੋ ਕਿ ਜਿਵੇਂ ਮੈਲੇ ਸ਼ੀਸ਼ੇ ਵਿੱਚ ਮੂੰਹ ਵਿਖਾਈ ਨਹੀਂ ਦਿੰਦਾ, ਉਸੇ ਤਰ੍ਹਾਂ ਰਾਗ ਵਿੱਚ ਰੰਗੇ ਹਿਰਦੇ ਵਿੱਚ ਰਾਗ ਰਹਿਤ ਆਤਮਾ ਦਾ ਅਨੁਭਵ ਨਹੀਂ ਹੁੰਦਾ।

121

ਜਿਸ ਦਿਲ ਵਿੱਚ ਮ੍ਰਿਗ ਨੈਣੀ ਦਾ ਨਿਵਾਸ ਹੋਵੇ, ਉਸ ਵਿੱਚ ਸ਼ੁੱਧ ਆਤਮਾ ਦਾ ਨਿਵਾਸ ਕਿਵੇਂ ਹੋ ਸਕਦਾ ਹੈ ? ਹੇ ਪ੍ਰਭਾਕਰ ਭੱਟ ! ਤੁਸੀਂ ਖੁਦ ਵਿਚਾਰ ਕਰੋ, ਕਿ ਇੱਕ ਮਿਆਨ ਵਿੱਚ ਦੋ ਤਲਾਵਾਰਾਂ ਕਿਵੇਂ ਰਹਿ ਸਕਦੀਆਂ ਹਨ ?

122

ਗਿਆਨੀਆਂ ਦੇ ਰਾਗ ਰਹਿਤ ਹਿਰਦੇ ਵਿੱਚ ਅਨਾਦਿ ਦੇਵ ਭਾਵ ਸ਼ੁੱਧ ਆਤਮਾ ਦਾ ਨਿਵਾਸ ਸਰੋਵਰ ਵਿੱਚ ਹੰਸ ਦੀ ਤਰ੍ਹਾਂ ਸ਼ੁਭਾਇਮਾਨ ਹੁੰਦਾ ਹੈ।

123

ਪਰਮਾਤਮਾ ਨਾ ਤਾਂ ਮੰਦਿਰ ਵਿੱਚ ਰਹਿੰਦਾ ਹੈ, ਨਾ ਸ਼ਿਲਾਵਾਂ ਵਿੱਚ ਤੇ ਨਾ ਕਿਸੇ ਲੇਖ ਵਿੱਚ ਅਤੇ ਨਾ ਕਿਸੇ ਚਿੱਤਰ ਵਿੱਚ। ਉਹ ਅਵਿਨਾਸ਼ੀ, ਨਿਰੰਜਣ ਅਤੇ ਗਿਆਨ ਵਾਲਾ ਸ਼ਿਵ (ਪਰਮਾਤਮਾ) ਸਾਡੇ ਸਮਤਾ ਵਾਲੇ ਚਿੱਤ ਵਿੱਚ ਰਹਿੰਦਾ ਹੈ।

124



ਪ੍ਰਭਾਕਰ ਭੱਟ ਨੇ ਬੇਨਤੀ ਕੀਤੀ, ''ਹੇ ਸ੍ਰੀ ਗੁਰੂ ਦੇਵ ! ਮੈਨੂੰ ਮੋਕਸ਼, ਮੋਕਸ਼ ਦੀ ਅਸਲੀਅਤ ਅਤੇ ਮੋਕਸ਼ ਦੇ ਫ਼ਲ ਬਾਰੇ ਦੱਸੋ ਤਾਂ ਕਿ ਮੈਂ ਪਰਮਾਰਥ ਨੂੰ ਜਾਣ ਸਕਾਂ।

125

ਯੋਗੇਂਦੂ ਨੇ ਕਿਹਾ, ''ਹੇ ਯੋਗੀ ! ਤੁਸੀਂ ਮੋਕਸ਼, ਮੋਕਸ਼ ਦੇ ਕਾਰਨ ਅਤੇ ਮੋਕਸ਼ ਦੇ ਫ਼ਲ ਬਾਰੇ ਪੁੱਛਿਆ ਹੈ, ਮੈਂ ਜਿਨੇਸ਼ਵਰ ਦੇਵ ਦੇ ਆਖੇ ਅਨੁਸਾਰ ਆਖਦਾ ਹਾਂ। ਧਿਆਨ ਨਾਲ ਸੁਣੋ ਤਾਂ ਕਿ ਭੇਦਾਂ ਅਤੇ ਫ਼ਰਕਾਂ ਨੂੰ ਚੰਗੀ ਤਰ੍ਹਾਂ ਸਮਝ ਸਕੋ।

126

ਧਰਮ, ਅਰਥ, ਕਾਮ ਅਤੇ ਮੋਕਸ਼ ਵਿੱਚ ਗਿਆਨੀ ਜਨ ਮੋਕਸ਼ ਨੂੰ ਸਰਵੋਤਮ ਆਖਦੇ ਹਨ। ਕਿਉਂਕਿ ਧਰਮ, ਅਰਥ, ਕਾਮ ਵਿੱਚ ਪਰਮ ਸੁੱਖ ਨਹੀਂ ਹੈ।

127

ਹੇ ਜੀਵ ! ਜੇ ਉਪਰੋਕਤ ਚਾਰਾਂ ਵਿੱਚ ਮੋਕਸ਼ ਸਰਵੋਤਮ ਨਹੀਂ ਹੁੰਦਾ ਤਾਂ ਸ੍ਰੀ ਜਿਨੇਸ਼ਵਰ ਦੇਵ ਧਰਮ, ਅਰਥ, ਕਾਮ ਨੂੰ ਛੱਡ ਕੇ ਮੋਕਸ਼ ਨੂੰ ਕਿਉਂ ਚਲੇ ਗਏ ?

128

ਜੇ ਮੋਕਸ਼ ਉੱਤਮ ਸੁੱਖ ਦੇਣ ਵਾਲਾ ਨਹੀਂ ਹੁੰਦਾ ਤਾਂ ਉਹ ਉੱਤਮ ਕਿਉਂ ਅਖਵਾਉਂਦਾ ? ਉਹ ਉੱਤਮ ਹੈ, ਇਸੇ ਲਈ ਤਾਂ ਬੰਨ੍ਹੇ ਹੋਏ ਪਸ਼ੂ ਵੀ ਛੁੱਟਣਾ ਚਾਹੁੰਦੇ ਹਨ।

129

ਫਿਰ ਜੇ ਮੋਕਸ਼ ਵਿੱਚ ਲੋਕ ਤੋਂ ਜ਼ਿਆਦਾ ਗੁਣ ਸਮੂਹ ਨਹੀਂ ਹੁੰਦਾ ਤਾਂ ਕਿਉਂਕਿ ਤਿੰਨ ਲੋਕ ਉਸ ਨੂੰ ਆਪਣੇ ਸਿਰ ਉੱਤੇ ਧਾਰਨ ਕਰਦੇ ?

130

ਜੇ ਮੋਕਸ਼ ਉੱਤਮ ਸੁੱਖ ਨਹੀਂ ਦਿੰਦਾ ਤਾਂ ਉਹ ਉੱਤਮ ਨਹੀਂ ਹੁੰਦਾ, ਜੇ ਉਹ ਉੱਤਮ ਨਾ ਹੁੰਦਾ ਤਾਂ ਸਿੱਧ ਪ੍ਰਮੇਸ਼ਟੀ ਉਸ ਦੀ ਅਰਾਧਨਾ ਵਿੱਚ ਕਿਉਂ ਲੱਗੇ ਰਹਿੰਦੇ ?

131

ਜੇ ਮੋਕਸ਼ ਉੱਤਮ ਨਹੀਂ ਹੁੰਦਾ, ਹਰੀਹਰ, ਬ੍ਰਹਮਾ, ਮੁਨੀਆਂ ਦੇ ਸਮੂਹ, ਹੋਰ ਤਰਨ ਵਾਲੇ ਜੀਵ, ਜਿਨਵਰ, ਤੀਰਥੰਕਰ ਆਦਿ ਸਾਰੇ ਪਰਮ ਨਿਰੰਜਣ ਵਿੱਚ ਮਨ ਨੂੰ ਸਥਾਪਤ ਕਰਕੇ ਕਿਉਂ ਮੋਕਸ਼ ਦਾ ਧਿਆਨ ਕਰਦੇ ਰਹਿੰਦੇ ?

132

ਤਿੰਨ ਲੋਕਾਂ ਵਿੱਚ ਮੋਕਸ਼ ਤੋਂ ਸਿਵਾਏ ਸੁੱਖ ਦਾ ਕਾਰਨ ਕੋਈ ਨਹੀਂ ਹੈ। ਇਸ ਲਈ ਇੱਕ ਮਾਤਰ ਮੋਕਸ਼ ਹੀ ਸੁੱਖ ਦਾ ਕਾਰਨ ਹੈ। ਤੁਸੀਂ ਹਮੇਸ਼ਾ ਇਸ ਦਾ ਚਿੰਤਨ ਕਰਦੇ ਰਹੋ।

133

ਗਿਆਨਵਾਨ ਸਾਧੂਆਂ ਦਾ ਇਹੋ ਮੱਤ ਹੈ ਕਿ ਕਰਮ ਦੀ ਕਾਲਖ਼ ਤੋਂ ਮੁਕਤ ਹੋਏ ਜੀਵ ਦਾ ਪਰਮ ਆਤਮਾ ਨੂੰ ਪ੍ਰਾਪਤ ਕਰ ਲੈਣਾ ਹੀ ਮੋਕਸ਼ ਹੈ।

134



ਮੋਕਸ਼ ਪ੍ਰਾਪਤ ਆਤਮਾ ਦਾ ਕੇਵਲ ਦਰਸ਼ਨ, ਕੇਵਲ ਗਿਆਨ, ਅਨੰਤ ਸੁੱਖ, ਅਨੰਤ ਸ਼ਕਤੀ ਆਦਿ ਗੁਣ ਸਮੂਹ ਕਦੇ ਨਸ਼ਟ ਨਹੀਂ ਹੁੰਦੇ। ਦਰਅਸਲ ਇਸੇ ਦਾ ਇਹੋ ਫਲ ਹੈ। ਇਸ ਤੋਂ ਇਲਾਵਾ ਕੋਈ ਦੂਸਰਾ ਫਲ ਮੋਕਸ਼ ਦਾ ਨਹੀਂ ਹੈ।

135

ਜੀਵ ਦੇ ਮੋਕਸ਼ ਦਾ ਕਾਰਨ ਸਰਵੋਤਮ ਦਰਸ਼ਨ, ਗਿਆਨ ਅਤੇ ਚਰਿੱਤਰ ਹੈ। ਇਸ ਲਈ ਤਿੰਨਾਂ ਨੂੰ ਹੀ ਆਤਮਾ ਸਮਝਣਾ ਚਾਹੀਦਾ ਹੈ। ਅਜਿਹਾ ਗੁਪਤ ਰੂਪ ਵਿੱਚ ਕਿਹਾ ਗਿਆ ਹੈ।

136

ਜੋ ਖੁਦ ਆਪਣੇ ਆਪ ਨੂੰ ਵੇਖਦਾ, ਜਾਣਦਾ ਅਤੇ ਆਚਰਨ ਕਰਦਾ ਹੈ, ਉਹੀ ਦਰਸ਼ਨ, ਗਿਆਨ, ਚਰਿੱਤਰ ਰੂਪ ਵਿੱਚ ਢਲਦਾ ਹੋਇਆ ਜੀਵ ਮੋਕਸ਼ ਦਾ ਕਾਰਨ ਹੈ।

137

ਜੋ ਵਿਵਹਾਰ ਪੱਖੋਂ ਦਰਸ਼ਨ, ਗਿਆਨ, ਚਰਿੱਤਰ ਨੂੰ ਮੋਕਸ਼ ਦਾ ਕਾਰਨ ਕਹਿੰਦੇ ਹਨ, ਹੇ ਪ੍ਰਭਾਕਰ ਭੱਟ ! ਉਸ ਨੂੰ ਸਮਝੋ ਤਾਂ ਕਿ ਤੁਸੀਂ ਉੱਚੇ ਅਤੇ ਪਵਿੱਤਰ ਹੋ ਸਕੋ।

138

ਦਰੱਵ ਦਾ ਜਿਹਾ ਰੂਪ ਹੈ, ਉਸ ਨੂੰ ਉਸੇ ਤਰ੍ਹਾਂ ਜਾਨਣਾ ਅਤੇ ਸੰਸਾਰ ਵਿੱਚ ਉਸੇ ਤਰ੍ਹਾਂ ਨਿਰਦੋਸ਼ ਸ਼ਰਧਾ ਕਰਨਾ ਹੀ ਪੱਕਾ ਆਤਮ ਭਾਵ ਸਮਿਅਕ ਦਰਸ਼ਨ ਹੈ।

139

ਇਨ੍ਹਾਂ ਛੇ ਦਰੱਵਾਂ ਵਿੱਚ ਤਿੰਨ ਲੋਕ ਭਰੇ ਹੋਏ ਹਨ। ਹੇ ਪ੍ਰਭਾਕਰ ਭੱਟ ! ਉਨ੍ਹਾਂ ਨੂੰ ਜਾਣੋ, ਸਮਝੋ। ਗਿਆਨੀਆਂ ਨੇ ਉਨ੍ਹਾਂ ਨੂੰ ਆਦਿ ਅੰਤ ਤੋਂ ਰਹਿਤ ਦੱਸਿਆ ਹੈ।

140

ਜੀਵ ਦਰੱਵ ਚੇਤਨ ਹੈ, ਭਾਵ ਪੰਜ ਪੁਦਗਲ, ਧਰਮ, ਅਧਰਮ, ਆਕਾਸ਼, ਕਾਲ ਅਚੇਤਨ ਹਨ ਅਤੇ ਇਹ ਜੀਵ ਦਰੱਵ ਤੋਂ ਭਿੰਨ ਹਨ।

141

ਜੀਵ ਦਰੱਵ ਅਮੂਰਤ (ਸ਼ਕਲ ਰਹਿਤ), ਗਿਆਨ ਵਾਲਾ, ਪਰਮਾਨੰਦ ਸੁਭਾਅ ਵਾਲਾ, ਨਿੱਤ ਅਤੇ ਨਿਰੰਜਣ ਹੈ। ਹੇ ਯੋਗੀ ! ਤੂੰ ਜੀਵ ਦਰੱਵ (ਆਤਮਾ) ਨੂੰ ਇਸੇ ਤਰ੍ਹਾਂ ਸਮਝ।

142

ਹੇ ਯੋਗੀ ! ਪੁਦਗਲ ਦਰੱਵ ਛੇ ਪ੍ਰਕਾਰ ਦਾ ਹੈ ਅਤੇ ਮੂਰਤਿਕ (ਸ਼ਕਲ ਵਾਲਾ) ਹੈ ਅਤੇ ਹੋਰ ਸਭ ਦਰੱਵ ਅਮੂਰਤਿਕ (ਸ਼ਕਲ ਰਹਿਤ) ਹਨ। ਧਰਮ, ਅਧਰਮ ਸਿਲਸਿਲੇਵਾਰ ਗਤੀ ਅਤੇ ਸਥਿਤੀ ਦੇ ਕਾਰਨ ਹਨ।

143

ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਜਿਸ ਦੇ ਅੰਦਰ ਸਾਰੇ ਦਰੱਵ ਸਥਿਤ ਹਨ, ਭਾਵ ਜੋ ਸਭ ਦਰੱਵਾਂ ਦਾ ਆਧਾਰ ਹੈ, ਉਹ ਆਕਾਸ਼ ਦਰੱਵ ਹੈ।

144



ਕਾਲ ਦਰੱਵ ਦਾ ਸੁਭਾਅ ਵਰਤਣਾ (ਬੀਤਣਾ) ਹੈ ਅਤੇ ਜਿਵੇਂ ਰਤਨਾਂ ਦੀ ਰਾਸ਼ੀ (ਢੇਰ) ਦੇ ਰਤਨ ਜੁਦਾ ਜੁਦਾ ਰਹਿੰਦੇ ਹਨ, ਉਸੇ ਤਰ੍ਹਾਂ ਕਾਲ ਦੇ ਅਣੂ ਭੇਦ ਵੀ ਇੱਕ ਦੂਸਰੇ ਤੋਂ ਜੁਦਾ ਰਹਿੰਦੇ ਹਨ।

145

ਜੀਵ, ਪੁਦਗਲ ਅਤੇ ਕਾਲ ਇਨ੍ਹਾਂ ਤਿੰਨਾਂ ਦਰੱਵਾਂ ਤੋਂ ਇਲਾਵਾ ਜੋ ਧਰਮ, ਅਧਰਮ ਅਤੇ ਆਕਾਸ਼ ਨਾਉਂ ਦੇ ਦਰੱਵ ਹਨ, ਉਨ੍ਹਾਂ ਦੇ ਆਪਣੇ ਅਖੰਡਿਤ ਪ੍ਰਦੇਸ਼ ਹਨ। ਉਨ੍ਹਾਂ ਤੋਂ ਕਿਸੇ ਇੱਕ ਦਾ ਪ੍ਰਦੇਸ਼ ਕਿਸੇ ਦੂਸਰੇ ਪ੍ਰਦੇਸ਼ ਵਿੱਚ ਨਹੀਂ ਮਿਲਦਾ।

146

ਜੀਵ ਤੇ ਪੁਦਗਲ ਨੂੰ ਛੱਡ ਕੇ ਬਾਕੀ ਚਾਰ ਦਰੱਵ ਗਮਨਾ-ਗਮਨ ਦੀ ਪ੍ਰਵਿਰਤੀ ਤੋਂ ਰਹਿਤ ਹਨ। ਉਹ ਕਦੇ ਆਉਣਾ ਜਾਣਾ ਨਹੀਂ ਕਰ ਸਕਦੇ।

147

ਧਰਮ, ਅਧਰਮ ਅਤੇ ਜੀਵਨ ਅਸੰਖ ਪ੍ਰਦੇਸ਼ੀ ਹਨ। ਆਕਾਸ਼ ਅਨੰਤ ਪ੍ਰਦੇਸ਼ੀ ਹੈ। ਪੁਦਗਲ ਭਿੰਨ ਭਿੰਨ ਪ੍ਰਕਾਰ ਦਾ ਪ੍ਰਦੇਸ਼ੀ ਹੈ।

148

ਸੰਸਾਰ ਵਿੱਚ ਜਿਸ ਨੂੰ ਦਰੱਵ ਕਿਹਾ ਗਿਆ ਹੈ, ਉਹ ਸਾਰੇ ਲੋਕ ਆਕਾਸ਼ ਵਿੱਚ ਸਥਿਤ ਹਨ। ਉਹ ਦਰੱਵ ਇੱਕ ਖੇਤਰ ਵਿੱਚ ਮਿਲੇ ਰਹਿੰਦੇ ਹਨ। ਇਸ ਲਈ ਉਹ ਖੇਤਰਾ ਅਵਗਾਹੀ ਹਨ। ਫਿਰ ਵੀ ਆਪਣੇ ਆਪਣੇ ਗੁਣਾਂ ਵਿੱਚ

ਨਿਵਾਸ ਕਰਦੇ ਹਨ। ਇੱਕ ਦਰੱਵ ਦੂਸਰੇ ਦਰੱਵ ਨਾਲ ਭਾਵ ਦਰੱਵ ਤੋਂ ਨਹੀਂ ਮਿਲਦਾ।

149

(ਪਰ) ਦਰੱਵ ਜੀਵਾਂ ਦੇ ਆਪਣੇ ਆਪਣੇ ਕੰਮਾਂ ਨੂੰ ਜਨਮ ਦਿੰਦੇ ਹਨ। ਇਸ ਕਾਰਨ ਚਾਰ ਗਤੀਆਂ ਦੇ ਜੀਵ ਦੁੱਖਾਂ ਨੂੰ ਸਹਿੰਦੇ ਹੋਏ ਸੰਸਾਰ ਵਿੱਚ ਭਟਕਦੇ ਹਨ।

150

ਪਰ ਦਰੱਵ ਦੇ ਸੁਭਾਅ ਤੋਂ ਦੁੱਖ ਦਾ ਕਾਰਨ ਜਾਣ ਕੇ ਮੋਕਸ਼ ਦੇ ਰਾਹ 'ਤੇ ਚੱਲਦੇ ਹੋਏ ਛੇਤੀ ਹੀ ਮੋਕਸ਼ ਪ੍ਰਾਪਤ ਕਰਨਾ ਚਾਹੀਦਾ ਹੈ।

151

ਹੇ ਪ੍ਰਭਾਕਰ ਭੱਟ ! ਮੈਂ ਤੈਨੂੰ ਵਿਵਹਾਰ ਦੇ ਹਿਸਾਬ ਤੋਂ ਸੱਮਿਅਕ ਦਰਸ਼ਨ ਦਾ ਇਹ ਸਰੂਪ ਦੱਸਿਆ। ਹੁਣ ਗਿਆਨ ਦੇ ਚਰਿੱਤਰ ਦੇ ਬਾਰੇ ਸੁਣੋ। ਜਿਸ ਨੂੰ ਧਾਰਨ ਕਰਕੇ ਤੁਸੀਂ ਸਿੱਧ ਪ੍ਰਮੇਸ਼ਟੀ ਦਾ ਪਦ ਪਾ ਸਕੋਗੇ।

152

ਇਹ ਸਾਰੇ ਦਰੱਵ ਜਿਵੇਂ ਅਤੇ ਜਿਸ ਰੂਪ ਵਿੱਚ ਹਨ, ਉਹ ਉਵੇਂ ਹੀ ਆਪਣੇ ਸਰੂਪ ਨੂੰ ਜਾਨਣਾ ਆਤਮਾ ਦਾ ਨਿਜ ਸਰੂਪ ਸੱਮਿਅਕ ਗਿਆਨ ਹੈ। ਹੇ ਜੀਵ ! ਇਸ ਵਿੱਚ ਤੁਹਾਡੀ ਸਹਿਮਤੀ ਹੋਣੀ ਚਾਹੀਦੀ ਹੈ।

153



ਸਵੈ ਨੂੰ ਅਤੇ ਪਰ ਨੂੰ ਸੱਮਿਅਕ ਗਿਆਨ ਰਾਹੀਂ ਜਾਣ ਕੇ ਅਤੇ ਸਵੈ ਦੀ ਅਤੇ ਪਰ ਦੀ ਸਮਿਅਕ ਦਰਸ਼ਨ ਰਾਹੀਂ ਪ੍ਰਤੀਤ ਕਰਕੇ ਜੋ ਪਰ ਭਾਵ ਤਿਆਗਦਾ ਹੈ, ਉਹ ਆਤਮਾ ਦਾ ਆਪਣਾ ਸ਼ੁੱਧ ਭਾਵ ਗਿਆਨਵਾਨ ਵਿਅਕਤੀਆਂ ਦਾ ਚਰਿੱਤਰ ਹੁੰਦਾ ਹੈ।

154

ਰਤਨ ਤ੍ਰੈ ਦੇ ਭਗਤ ਦਾ ਲਕਸ਼ਣ ਹੈ ਕਿ ਉਹ ਗੁਣਾਂ ਦੀ ਭੰਡਾਰ ਆਤਮਾ ਨੂੰ ਛੱਡ ਕੇ ਹੋਰ ਕਿਸੇ ਦਰੱਵ ਦਾ ਧਿਆਨ ਨਹੀਂ ਕਰਦਾ।

155

ਜੋ ਗਿਆਨੀ ਨਿਰਮਲ ਰਤਨ ਤ੍ਰੈ ਨੂੰ ਆਤਮਾ ਆਖਦੇ ਹਨ, ਉਹ ਮੋਕਸ਼ ਫ਼ਲ ਦੇ ਅਰਾਧਕ ਹਨ ਅਤੇ ਆਪਣੀ ਆਤਮਾ ਦਾ ਧਿਆਨ ਕਰਦੇ ਹਨ।

156

ਜੋ ਮਨੁੱਖ ਕੇਵਲ ਗਿਆਨ ਆਦਿ ਤੋਂ ਸੰਪੰਨ ਅਨੰਤ ਗੁਣਾਂ ਵਾਲੀ ਨਿਰਮਲ ਆਤਮਾ ਦਾ ਲਗਾਤਾਰ ਧਿਆਨ ਕਰਦੇ ਹਨ, ਉਹ ਹੀ ਸ੍ਰੇਸ਼ਠ ਮੁਨੀ ਹਨ ਅਤੇ ਉਨ੍ਹਾਂ ਨੂੰ ਛੇਤੀ ਨਿਰਵਾਣ ਮਿਲਦਾ ਹੈ।

157

ਪਦਾਰਥਾਂ ਦੇ ਗਿਆਨ ਤੋਂ ਪਹਿਲਾ ਵਸਤੂ ਵਿਸ਼ੇਸ਼ ਵਿਵਰਜਿਤ ਭਾਵ ਕਿਸੇ ਵਸਤੂ ਵਿਸ਼ੇਸ਼ ਤੋਂ ਬਿਨਾਂ ਬੰਨ੍ਹਿਆ

ਹੋਇਆ ਜੋ ਆਮ ਦਰਸ਼ਨ ਜੀਵਾਂ ਨੂੰ ਹੁੰਦਾ ਹੈ, ਉਹ ਦਰਸ਼ਨ ਹੈ।

158

ਜੋ ਜੀਵਾਂ ਦਾ ਵਿਸ਼ੇਸ਼ ਗਿਆਨ ਹੈ, ਉਹ ਬਿਨਾਂ ਸ਼ੱਕ ਦਰਸ਼ਨ ਤੋਂ ਬਾਅਦ ਹੁੰਦਾ ਹੈ। ਵਸਤੂ ਵਿਸ਼ੇਸ਼ ਨੂੰ ਜਾਨਣ ਵਾਲਾ ਉਹ ਸ਼ੰਕਾ ਤੇ ਭਰਮ ਰਹਿਤ ਗਿਆਨ ਹੈ।

159

ਗਿਆਨ ਅਤੇ ਆਤਮਾ ਧਿਆਨ ਵਿੱਚ ਲੀਣ ਮਨੁੱਖ ਦਾ ਸੁੱਖ ਦੁੱਖ ਨੂੰ ਸਮਭਾਵ ਨਾਲ ਸਹਿਣਾ ਕਰਮਾਂ ਦੀ ਨਿਰਜਰਾ ਦਾ ਕਾਰਨ ਹੈ। ਉਸ ਨੂੰ ਬਾਹਰਲੇ ਅਤੇ ਅੰਦਰਲੇ ਪਰੀਗ੍ਰਹਿ ਤੋਂ ਰਹਿਤ ਤਪ ਵੀ ਆਖਦੇ ਹਨ।

160

ਜੋ ਮੁਨੀ ਸੁੱਖ ਨੂੰ ਸਹਿੰਦਾ ਹੋਇਆ ਸਮ ਭਾਵ ਬਣਾ ਕੇ ਰੱਖਦਾ ਹੈ, ਉਹ ਪੁੰਨ ਤੇ ਪਾਪ ਦੋਹਾਂ ਦੇ ਹੀ ਸੰਬਰ ਦਾ ਕਾਰਨ ਹੁੰਦਾ ਹੈ।

161

ਕੋਈ ਮੁਨੀ ਰਾਜ ਜਿੰਨੇ ਸਮੇਂ ਤੱਕ ਆਤਮਾ ਦੇ ਸਰੂਪ ਵਿੱਚ ਲੀਣ ਰਹਿੰਦੇ ਹਨ, ਓਨੇ ਸਮੇਂ ਤੱਕ ਸਾਰੇ ਵਿਕਲਪਾਂ ਤੋਂ ਰਹਿਤ ਉਹ ਸੰਬਰ ਅਤੇ ਨਿਰਜਰਾ ਰੂਪ ਹੁੰਦੇ ਹਨ।

162

ਜੋ ਮਨੁੱਖ ਬਾਹਰਲੇ ਅਤੇ ਅੰਦਰਲੇ ਪਰਿਗ੍ਰਹਿ ਦਾ ਤਿਆਗ ਕਰਕੇ ਪਰਮ ਸ਼ਾਂਤ ਭਾਵ ਨੂੰ ਧਾਰਨ ਕਰਦਾ ਹੈ, ਉਹ



ਪਿਛਲੇ ਕੀਤੇ ਕਰਮਾਂ ਦਾ ਖ਼ਾਤਮਾ ਕਰਦਾ ਹੋਇਆ ਨਵੇਂ ਕਰਮਾਂ ਦੇ ਪਰਿਵੇਸ਼ ਨੂੰ ਰੋਕਣ ਵਿੱਚ ਸਮਰੱਥ ਹੁੰਦਾ ਹੈ।

163

ਸੱਮਿਅਕ ਦਰਸ਼ਨ, ਗਿਆਨ, ਚਰਿੱਤਰ ਉਸੇ ਮਨੁੱਖ ਦਾ ਹੁੰਦਾ ਹੈ, ਜੋ ਸਮਭਾਵ ਨੂੰ ਧਾਰਨ ਕਰਦਾ ਹੈ। ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਜੋ ਸਮਭਾਵ ਤੋਂ ਰਹਿਤ ਹੁੰਦਾ ਹੈ, ਉਸ ਦੇ ਨਾ ਸੱਮਿਅਕ ਦਰਸ਼ਨ ਹੁੰਦਾ ਹੈ ਨਾ ਸੱਮਿਅਕ ਗਿਆਨ ਹੁੰਦਾ ਹੈ ਨਾ ਸੱਮਿਅਕ ਚਰਿੱਤਰ ਹੁੰਦਾ ਹੈ।

164

ਜੀਵ ਜਦ ਤੱਕ ਸ਼ਾਂਤ ਭਾਵ ਨੂੰ ਧਾਰਨ ਕਰਦਾ ਹੈ, ਤਦ ਤੱਕ ਸੰਜਮੀਂ ਅਤੇ ਜਦ ਕਸ਼ਾਇਆਂ ਦੇ ਵੱਸ ਪੈ ਜਾਂਦਾ ਹੈ ਤਦ ਅਸੰਜਮੀ ਹੋ ਜਾਂਦਾ ਹੈ।

165

ਹੇ ਜੀਵ ! ਜਿਸ ਮੋਹ ਤੋਂ ਮਨ ਵਿੱਚ ਕਸ਼ਾਇ ਹੋਣ ਉਸ ਮੋਹ ਨੂੰ ਛੱਡ ਦੇ। ਤਾਂ ਕਿ ਮੋਹ ਅਤੇ ਕਸ਼ਾਇ ਤੋਂ ਰਹਿਤ ਹੁੰਦਾ ਹੋਇਆ ਤੂੰ ਰਾਗ ਦਵੇਸ਼ ਰਹਿਤ ਗਿਆਨ ਪ੍ਰਾਪਤ ਕਰ ਸਕੇਂ।

166

ਤੱਤਵ ਅਤੇ ਅਤੱਤਵ ਨੂੰ ਸਮਝ ਕੇ ਭਾਵ ਆਤਮ ਅਤੇ ਅਨਾਤਮ ਨੂੰ ਪਹਿਚਾਣ ਕੇ ਜੋ ਮਨੁੱਖ ਸਮ ਭਾਵ ਵਿੱਚ ਸਥਿਤ ਹੁੰਦਾ ਹੋਇਆ ਸ਼ੁੱਧ ਆਤਮ ਸੁਭਾਅ ਵਿੱਚ ਜੋ ਲੀਣ ਹੁੰਦੇ ਹਨ ਉਹੀ ਸੰਸਾਰ ਵਿੱਚ ਸੁਖੀ ਹਨ।

167

ਜੋ ਮਨੁੱਖ ਸੁਭਾਅ ਵਿੱਚ ਸਥਿਤ ਹੁੰਦਾ ਹੈ, ਉਸ ਦੇ ਦੋ ਹੀ ਦੋਸ਼ ਹੁੰਦੇ ਹਨ : ਇੱਕ ਤਾਂ ਉਹ ਆਪਣੇ ਦਵੰਧ ਭਾਵ ਕਰਮ ਬੰਦ ਨੂੰ ਨਸ਼ਟ ਕਰਦਾ ਹੈ, ਅਤੇ ਦੂਸਰੇ ਸੰਸਾਰ ਨੂੰ ਬਾਬਲਾ ਬਣਾ ਦਿੰਦਾ ਹੈ। ਭਾਵ ਜੋ ਵੀ ਉਸ ਦੇ ਸੰਪਰਕ ਵਿੱਚ ਆਉਂਦਾ ਹੈ ਉਸ ਦੀ ਮਨ ਸਥਿਤੀ, ਕੱਪੜੇ, ਗਹਿਣੇ, ਸੰਪਤੀ ਆਦਿ ਤਿਆਗਣ ਦੀ ਗੈਰ-ਸੰਸਾਰਿਕ ਹੋ ਜਾਂਦੀ ਹੈ।

168

ਜੋ ਮਨੁੱਖ ਸੁਭਾਅ ਵਿੱਚ ਸਥਿਤ ਹੁੰਦਾ ਹੈ, ਉਸ ਦਾ ਇੱਕ ਹੋਰ ਦੋਸ਼ ਹੁੰਦਾ ਹੈ। ਉਹ ਆਪਣੇ ਦੁਸ਼ਮਾਂ (ਰਾਗ ਦਵੇਸ਼) ਆਦਿ ਨੂੰ ਛੱਡ ਦਿੰਦਾ ਹੈ ਅਤੇ ਪਰ ਦੇ (ਪਰਮਾਤਮਾ) ਦੇ ਅਧੀਨ ਹੋ ਜਾਂਦਾ ਹੈ।

169

ਜੋ ਮਨੁੱਖ ਸੁਭਾਅ ਵਿੱਚ ਸਥਿਤ ਹੁੰਦਾ ਹੈ, ਉਸ ਦਾ ਇੱਕ ਹੋਰ ਦੋਸ਼ ਵੀ ਹੁੰਦਾ ਹੈ। ਸ਼ੀਲ ਰਹਿਤ ਹੋ ਕੇ ਭਾਵ ਬਾਹਰਲੇ ਜੀਵਨ ਤੋਂ ਮੁਕਤ ਹੋ ਕੇ ਇਕੱਲਾ ਲੋਕ ਦੇ ਸ਼ਿਖ਼ਰ ’ਤੇ ਚਲਾ ਜਾਂਦਾ ਹੈ। ਭਾਵ ਲੋਕ ਦੇ ਸ਼ਿਖਰ ’ਤੇ ਬੈਠ ਜਾਂਦਾ ਹੈ।

170

ਗਿਆਨਵਾਨ ਮਨੁੱਖ ਸਮਭਾਵ ਨੂੰ ਛੱਡ ਕੇ ਕਿਸੇ ਵੀ ਪਦਾਰਥ ’ਤੇ ਰਾਗ ਨਹੀਂ ਕਰਦਾ। ਉਸੇ ਸਮਭਾਵ ਤੋਂ ਹੀ ਗਿਆਨਵਾਨ ਨਿਰਵਾਣ ਅਤੇ ਕੇਵਲ ਗਿਆਨ ਵਾਲਾ ਜੀਵਨ ਆਤਮ ਸੁਭਾਅ ਨੂੰ ਪ੍ਰਾਪਤ ਹੋਵੇਗਾ।



171

ਗਿਆਨਵਾਨ ਮਨੁੱਖ ਸਮਭਾਵ ਨੂੰ ਹੀ ਮੋਕਸ਼ ਦਾ ਕਾਰਨ ਸਮਝਦਾ ਹੈ। ਉਹ ਨਾ ਕਿਸੇ ਤੋਂ ਪੜ੍ਹਦਾ ਹੈ, ਨਾ ਕਿਸੇ ਨੂੰ ਪੜ੍ਹਾਉਂਦਾ ਹੈ, ਨਾ ਕਿਸੇ ਦੀ ਸਤੁਤੀ ਕਰਦਾ ਹੈ ਅਤੇ ਨਾ ਹੀ ਕਿਸੇ ਦੀ ਨਿੰਦਾ ਕਰਦਾ ਹੈ।

172

ਸ੍ਰੇਸ਼ਠ ਮੁਨੀ ਆਤਮ ਸੁਭਾਅ ਨੂੰ ਗ੍ਰੰਥ ਦੇ ਸਮਾਨ ਸਮਝਦਾ ਹੈ। ਉਹ ਗ੍ਰੰਥ (ਗੱਠ) ਦੇ ਬੰਧਨ ਵਿੱਚ ਨਹੀਂ ਬੰਨ੍ਹਦਾ। ਕਿਸੇ ਗ੍ਰੰਥ ਨਾਲ ਰਾਗ ਦਵੇਸ਼ ਨਹੀਂ ਕਰਦਾ।

173

ਸ੍ਰੇਸ਼ਠ ਮੁਨੀ ਆਤਮ ਸੁਭਾਅ ਤੋਂ ਵਿਸ਼ਿਆਂ ਨੂੰ ਭਿੰਨ ਸਮਝਦਾ ਹੈ। ਵਿਸ਼ਿਆਂ ਦੇ ਪ੍ਰਤੀ ਉਸ ਦਾ ਰਾਗ ਦਵੇਸ਼ ਨਹੀਂ ਹੁੰਦਾ।

174

ਸ੍ਰੇਸ਼ਠ ਮੁਨੀ ਆਤਮ ਸੁਭਾਅ ਨੂੰ ਦੇਹ ਤੋਂ ਭਿੰਨ ਸਮਝਦਾ ਹੈ। ਦੇਹ ਦੇ ਹਵਾਲੇ ਨਾਲ ਉਹ ਕੋਈ ਰਾਗ ਦਵੇਸ਼ ਨਹੀਂ ਰੱਖਦਾ।

175

ਸ੍ਰੇਸ਼ਠ ਮੁਨੀ ਪ੍ਰਵਿਰਤੀ ਤੇ ਨਵਿਰਤੀ ਵਿੱਚ ਵੀ ਰਾਗ ਦਵੇਸ਼ ਨਹੀਂ ਰੱਖਦੇ। ਉਹ ਜਾਣਦੇ ਹਨ ਕਿ ਦੋਵੇਂ ਹੀ ਸੁਭਾਅ ਤੋਂ ਬੰਧ ਦੇ ਕਾਰਨ ਹਨ।

176

ਜੋ ਮਨੁੱਖ ਇਹ ਨਹੀਂ ਸਮਝਦਾ ਕਿ ਮੋਕਸ਼ ਅਤੇ ਬੰਧ ਉਸ ਦੇ ਆਪਣੇ ਹੀ ਸੁਭਾਅ ਅਤੇ ਵਿਭਾਵ ਦੇ ਪਰਿਣਾਮ ਹਨ, ਉਹ ਪੁੰਨ ਅਤੇ ਪਾਪ ਇਨ੍ਹਾਂ ਦੋਹਾਂ ਨੂੰ ਮੋਹ ਨਾਲ ਕਰਦਾ ਹੈ।

177

ਜੋ ਮਨੁੱਖ ਆਤਮਾ ਨੂੰ ਸੱਮਿਅਕ ਦਰਸ਼ਨ, ਗਿਆਨ, ਚਰਿੱਤਰ ਵਾਲਾ ਨਹੀਂ ਸਮਝਦਾ, ਉਹ ਹੀ ਪੁੰਨ ਤੇ ਪਾਪ ਨੂੰ ਮੋਕਸ਼ ਦਾ ਕਾਰਨ ਮੰਨਦਾ ਹੈ ਅਤੇ ਉਨ੍ਹਾਂ ਨੂੰ ਕਰਦਾ ਹੈ।

178

ਜੋ ਮਨੁੱਖ ਪੁੰਨ ਤੇ ਪਾਪ ਦੋਹਾਂ ਨੂੰ ਬਰਾਬਰ ਨਹੀਂ ਮੰਨਦਾ, ਉਹ ਮੋਹ ਦੇ ਵੱਸ ਹੋ ਕੇ ਦੁੱਖ ਸਹਿੰਦਾ ਹੋਇਆ ਲੰਮੇ ਸਮੇਂ ਤੱਕ ਸੰਸਾਰ ਵਿੱਚ ਭਟਕਦਾ ਹੈ।

179

ਜੋ ਪਾਪ ਜੀਵਾਂ ਨੂੰ ਦੁੱਖ ਦੇ ਕੇ ਉਨ੍ਹਾਂ ਦੀ ਬੁੱਧੀ ਨੂੰ ਮੋਕਸ਼ ਮਾਰਗ ਵੱਲ ਮੋੜਦੇ ਹਨ, ਉਨ੍ਹਾਂ ਪਾਪਾਂ ਨੂੰ ਵੀ ਗਿਆਨੀ ਲੋਕ ਸੁੰਦਰ ਆਖਦੇ ਹਨ।

180



ਪਰ ਗਿਆਨੀਆਂ ਦਾ ਕਥਨ ਹੈ ਕਿ ਉਹ ਪੁੰਨ ਚੰਗੇ ਨਹੀਂ ਜੋ ਜੀਵ ਨੂੰ ਰਾਜ ਦੇ ਕੇ ਛੇਤੀ ਹੀ ਦੁੱਖ ਨੂੰ ਉਤਪੰਨ ਕਰਦੇ ਹਨ।

181

ਆਤਮਾ ਵੱਲ ਲੱਗੇ ਮਨੁੱਖ ਨੂੰ ਤਾਂ ਮੌਤ ਵੀ ਚੰਗੀ ਨਹੀਂ ਹੁੰਦੀ ਪਰ ਆਤਮਾ ਤੋਂ ਬੇਮੁੱਖ ਮਨੁੱਖ ਜੇ ਪੁੰਨ ਵੀ ਕਰੇ ਤਾਂ ਪੁੰਨ ਵੀ ਬੁਰਾ ਹੈ।

182

ਜੋ ਆਤਮ ਸੁਭਾਅ ਦੇ ਵੱਲ ਹਨ, ਉਨ੍ਹਾਂ ਨੂੰ ਅਨੰਤ ਸੁੱਖ ਮਿਲਦਾ ਹੈ ਅਤੇ ਜੋ ਆਤਮ ਸੁਭਾਅ ਤੋਂ ਬੇਮੁੱਖ ਹਨ ਉਹ ਪੁੰਨ ਵੀ ਕਰਦੇ ਹਨ ਤਾਂ ਅਨੰਤ ਦੁੱਖ ਝੱਲਦੇ ਹਨ।

183

ਪੁੰਨ ਦੇ ਘਰ ਤੋਂ ਸੰਪਤੀ ਆਉਂਦੀ ਹੈ। ਸੰਪਤੀ ਤੋਂ ਹੰਕਾਰ ਹੁੰਦਾ ਹੈ। ਹੰਕਾਰ ਤੋਂ ਅਕਲ ਮਾਰੀ ਜਾਂਦੀ ਹੈ। ਅਕਲ ਮਾਰੀ ਜਾਣ 'ਤੇ ਪਾਪ ਹੁੰਦਾ ਹੈ, ਇਸ ਲਈ ਪੁੰਨ ਨਹੀਂ ਕਰਨਾ ਚਾਹੀਦਾ।

184

ਦੇਵ, ਸ਼ਾਸਤਰ ਤੇ ਗੁਰੂ ਦੀ ਭਗਤੀ ਤੋਂ ਪੁੰਨ ਤਾਂ ਹੁੰਦਾ ਹੈ ਪਰ ਫੌਰਨ ਕਰਮਾਂ ਦਾ ਖ਼ਾਤਮਾ ਨਹੀਂ ਹੁੰਦਾ।

185

ਪਰ ਦੇਵ, ਸ਼ਾਸਤਰ, ਗੁਰੂ ਦੇ ਨਾਲ ਈਰਖਾ ਰੱਖਣ ਵਾਲੇ ਨੂੰ ਨਿਸ਼ਚਿਤ ਹੀ ਪਾਪ ਹੁੰਦਾ ਹੈ ਅਤੇ ਸੰਸਾਰ ਦੇ ਜਨਮ ਮਰਨ ਵਿੱਚ ਗੁਜ਼ਰਨਾ ਪੈਂਦਾ ਹੈ।

186

ਪਾਪ ਤੋਂ ਨਰਕ ਅਤੇ ਪਸ਼ੂ ਗਤੀ ਅਤੇ ਪੁੰਨ ਤੋਂ ਦੇਵ ਗਤੀ ਮਿਲਦੀ ਹੈ। ਪਾਪ ਤੇ ਪੁੰਨ ਦੋਹਾਂ ਦੇ ਮੇਲ ਨਾਲ ਮਨੁੱਖ ਗਤੀ ਮਿਲਦੀ ਹੈ। ਜੇ ਪਾਪ ਤੇ ਪੁੰਨ ਦੋਹਾਂ ਦਾ ਖ਼ਾਤਮਾ ਹੋ ਜਾਵੇ ਤਾਂ ਮੋਕਸ਼ ਮਿਲਦਾ ਹੈ।

187

ਪੰਜ ਪਰਮੇਸ਼ਟੀ ਦੀ ਵੰਦਨਾ, ਆਪਣੇ ਅਸ਼ੁੱਭ ਕਰਮਾਂ ਦੀ ਨਿੰਦਾ, ਅਪਰਾਧ ਦਾ ਪਰਾਸ਼ਚਿਤ ਇਹ ਪੁੰਨ ਦਾ ਕਾਰਨ ਹਨ ਪਰ ਮੋਕਸ਼ ਦੇ ਕਾਰਨ ਨਹੀਂ। ਇਸ ਲਈ ਨਿਰਵਿਕਲਪ ਸ਼ੁੱਧ ਉਪਯੋਗ ਅਵਸਥਾ ਵਿੱਚ ਗਿਆਨੀ ਜੀਵ ਇਨ੍ਹਾਂ ਵਿੱਚੋਂ ਕਿਸੇ ਨੂੰ ਨਹੀਂ ਕਰਦਾ ਹੈ, ਨਾ ਕਰਨ ਵਾਲੇ ਹਮਾਇਤ ਕਰਦਾ ਹੈ।

188

ਗਿਆਨਵਾਨ ਆਤਮਾ ਦੇ ਸ਼ੁੱਧ ਪਵਿੱਤਰ ਸੁਭਾਅ ਨੂੰ ਛੱਡ ਕੇ ਸਿਰਫ਼ ਨਮਸਕਾਰ, ਨਿੰਦਾ ਅਤੇ ਪਸ਼ਾਤਾਪ ਕਰਨ ਵਿੱਚ ਲੱਗੇ ਰਹਿਣਾ ਗਿਆਨੀਆਂ ਦੇ ਲਈ ਉਚਿਤ ਨਹੀਂ ਹੈ।

189

ਬੇਸ਼ੱਕ ਵੰਦਨਾ, ਨਿੰਦਾ ਅਤੇ ਪ੍ਰਤੀਕ੍ਰਮਣ ਕਰਨ 'ਤੇ ਜਦ ਤੱਕ ਭਾਵ ਵਿੱਚ ਸ਼ੁੱਧਤਾ ਨਹੀਂ ਹੈ, ਮਨ ਸ਼ੁੱਧ ਨਹੀਂ ਹੈ, ਤਾਂ ਸੰਜਮ ਕਿਵੇਂ ਹੋ ਸਕੇਗਾ।



190

ਜੋ ਸ਼ੁੱਧ ਆਤਮ ਭਾਵ ਵਿੱਚ ਸਥਿਤ ਹੁੰਦੇ ਹਨ, ਉਨ੍ਹਾਂ ਦਾ ਸੰਜਮ, ਸ਼ੀਲ ਤੇ ਤਪ ਹੁੰਦਾ ਹੈ, ਉਨ੍ਹਾਂ ਦਾ ਸੱਮਿਅਕ ਦਰਸ਼ਨ ਅਤੇ ਸੱਮਿਅਕ ਗਿਆਨ ਹੁੰਦਾ ਹੈ ਅਤੇ ਉਨ੍ਹਾਂ ਦੇ ਕਰਮਾਂ ਦਾ ਖ਼ਾਤਮਾ ਹੁੰਦਾ ਹੈ। ਇਸ ਲਈ ਸ਼ੁੱਧ ਆਤਮ ਭਾਵ ਹੀ ਮਹੱਤਵਪੂਰਨ ਹੈ।

191

ਸ਼ੁੱਧ ਆਤਮ ਭਾਵ ਹੀ ਆਪਣਾ ਭਾਵ ਹੈ। ਉਸੇ ਨੂੰ ਹੀ ਧਰਮ ਸਮਝ ਕੇ ਸਵੀਕਾਰ ਕਰਨਾ ਚਾਹੀਦਾ ਹੈ। ਚਾਰਾਂ ਗਤੀਆਂ ਦੇ ਦੁੱਖਾਂ ਨੂੰ ਝੱਲਦੇ ਹੋਏ ਸੰਸਾਰ ਵਿੱਚ ਪਏ ਹੋਏ ਜੀਵ ਨੂੰ ਉਹੀ ਸੁਰੱਖਿਆ ਅਤੇ ਸਹਾਰਾ ਦਿੰਦਾ ਹੈ।

192

ਸ਼ੁੱਧ ਆਤਮ ਭਾਵ ਹੀ ਮੁਕਤੀ ਦਾ ਇੱਕ ਮਾਤਰ ਰਾਹ ਹੈ। ਜੋ ਮੁਨੀ ਉਸ ਤੋਂ ਹਟਦੇ ਹਨ, ਉਹ ਭਲਾਂ ਕਿਵੇਂ ਮੁਕਤ ਹੋ ਸਕਦੇ ਹਨ ?

193

ਹੇ ਜੀਵ ! ਜਿੱਥੇਂ ਤੈਨੂੰ ਚੰਗਾ ਲੱਗੇ ਉੱਥੇ ਜਾਹ, ਜੋ ਚੰਗਾ ਲੱਗੇ ਉਹ ਕਰ, ਪਰ ਚਿੱਤ ਦੀ ਸ਼ੁੱਧੀ ਤੋਂ ਬਿਨਾਂ ਮੋਕਸ਼ ਨਹੀਂ ਮਿਲਦਾ।

194

ਸ਼ੁੱਧ ਪਰਿਣਾਮਾਂ ਤੋਂ ਧਰਮ ਭਾਵ ਪੁੰਨ ਅਤੇ ਅਸ਼ੁਭ ਪਰਿਣਾਮਾਂ ਤੋਂ ਅਧਰਮ ਭਾਵ ਪਾਪ ਹੁੰਦਾ ਹੈ। ਇਨ੍ਹਾਂ ਦੋਹਾਂ ਤੋਂ

ਰਹਿਤ ਸ਼ੁੱਧ ਪਰਿਣਾਮਾਂ ਵਾਲੇ ਮਨੁੱਖ 'ਤੇ ਕਰਮ ਬੰਧਨ ਦਾ ਜੋਰ ਨਹੀਂ ਚੱਲਦਾ।

195

ਦਾਨ ਤੋਂ ਭੋਗਾਂ ਦੀ ਪ੍ਰਾਪਤੀ ਹੁੰਦੀ ਹੈ, ਤਪ ਤੋਂ ਇੰਦਰ ਦਾ ਪਦ ਮਿਲਦਾ ਹੈ, ਪਰ ਜਨਮ ਮਰਨ ਤੋਂ ਪਰ੍ਹਾਂ ਜੋ ਮੋਕਸ਼ ਪਦ ਹੈ, ਉਹ ਗਿਆਨ ਤੋਂ ਮਿਲਦਾ ਹੈ।

196

ਨਿਰੰਜਣ ਵੀਤਰਾਗ ਭਗਵਾਨ ਦਾ ਕਹਿਣਾ ਹੈ ਕਿ ਸਮਿਅਕ ਗਿਆਨ ਨਾਲ ਹੀ ਮੋਕਸ਼ ਮਿਲਦਾ ਹੈ। ਸਮਿਅਕ ਗਿਆਨ ਤੋਂ ਬਿਨਾਂ ਜੀਵ ਨੂੰ ਲੰਮੇ ਸਮੇਂ ਤੱਕ ਸੰਸਾਰ ਵਿੱਚ ਭਟਕਣਾ ਪੈਂਦਾ ਹੈ।

197

ਹੇ ਜੀਵ ਸਮਿਅਕ ਗਿਆਨ ਤੋਂ ਰਹਿਤ ਮਨੁੱਖ ਨੂੰ ਮੋਕਸ਼ ਮਿਲਣ ਦੇ ਬਾਰੇ ਨਾ ਸੋਚ। ਪਾਣੀ ਨੂੰ ਕਿੰਨਾ ਹੀ ਰਿੜਕਿਆ ਜਾਵੇ, ਪਰ ਹੱਥ ਚਿਕਣਾ ਨਹੀਂ ਹੋਵੇਗਾ।

198

ਆਤਮ ਗਿਆਨ ਤੋਂ ਇਲਾਵਾ ਬਾਹਰੀ ਗਿਆਨ ਨਾਲ ਕੰਮ ਨਹੀਂ ਚੱਲਣਾ। ਆਤਮ ਗਿਆਨ ਤੋਂ ਰਹਿਤ ਤਪ ਛੇਤੀ ਹੀ ਜੀਵ ਦੇ ਦੁੱਖਾਂ ਦਾ ਕਾਰਨ ਬਣ ਜਾਂਦਾ ਹੈ।

199

ਹੇ ਜੀਵ ! ਸੂਰਜ ਦੀਆਂ ਕਿਰਨਾਂ ਦੇ ਸਾਹਮਣੇ ਹਨ੍ਹੇਰਾ ਨਹੀਂ ਦਿਖਦਾ। ਆਤਮ ਗਿਆਨ ਦੇ ਸਾਹਮਣੇ ਮੋਹ ਨਹੀਂ



ਟਿਕਦਾ। ਜਿਸ ਗਿਆਨ ਤੋਂ ਪਰ-ਦਰੱਵਾਂ ਦੇ ਪ੍ਰਤੀ ਮੋਹ ਵਧੇ, ਉਹ ਗਿਆਨ ਆਤਮ ਗਿਆਨ ਹੀਂ ਹੁੰਦਾ।

200

ਗਿਆਨੀਆਂ ਨੂੰ ਆਤਮਾ ਤੋਂ ਸਿਵਾਏ ਹੋਰ ਕੋਈ ਵਸਤੂ ਸੁੰਦਰ ਨਹੀਂ ਲੱਗਦੀ। ਇਸ ਲਈ ਪਰਮਾਤਮ ਤੱਤਵ ਨੂੰ ਜਾਣਨ ਵਾਲੇ ਦਾ ਮਨ ਵਿਸ਼ਿਆਂ ਵਿੱਚ ਨਹੀਂ ਲੱਗਦਾ।

201

ਗਿਆਨੀ ਸੁਭਾਅ ਆਤਮਾ ਤੋਂ ਸਿਵਾਏ ਹੋਰ ਕੋਈ ਵਸੂਤ ਗਿਆਨੀਆਂ ਨੂੰ ਚੰਗੀ ਨਹੀਂ ਲੱਗਦੀ। ਮਰਕਤ ਮਣੀ ਨੂੰ ਜਾਨਣ ਵਾਲੇ ਮਨੁੱਖ ਦੇ ਲਈ ਕੰਚ ਦਾ ਕੀ ਮਹੱਤਵ। ਉਸ ਦੀ ਕੀ ਗਿਣਤੀ ਹੈ।

202

ਆਪਣੇ ਕਰਮਾਂ ਦੇ ਫ਼ਲ ਨੂੰ ਭੋਗਦੇ ਹੋਏ ਜਿਸ ਮਨੁੱਖ ਦੇ ਮੋਹ ਪੂਰਵਕ ਭਲੇ ਬੁਰੇ ਭਾਵ ਹੁੰਦੇ ਹਨ, ਉਹ ਸਿਰਫ਼ ਨਵੇਂ ਕਰਮ ਹੀ ਬੰਨ੍ਹਦਾ ਜਾਂਦਾ ਹੈ।

203

ਆਪਣੇ ਕਰਮਾਂ ਦੇ ਫ਼ਲ ਨੂੰ ਭੋਗਣ ਦੀ ਪ੍ਰਕਿਰਿਆ ਵਿੱਚ ਜੋ ਮਨੁੱਖ ਰਾਗ, ਦਵੇਸ਼ ਨਾਲ ਗ੍ਰਸਤ ਨਹੀਂ ਹੁੰਦਾ, ਉਸ ਦਾ ਕਰਮ ਬੰਧਨ ਨਹੀਂ ਹੁੰਦਾ ਅਤੇ ਪਹਿਲੇ ਸੰਚਿਤ (ਇਕੱਠੇ ਕੀਤੇ) ਕਰਮ ਵੀ ਨਸ਼ਟ ਹੋ ਜਾਂਦੇ ਹਨ।

204

ਜੋ ਮਨੁੱਖ ਅਣੂ ਮਾਤਰ ਵੀ ਰਾਗ ਦਵੇਸ਼ ਨੂੰ ਪਕੜ ਕੇ ਰੱਖਦਾ ਹੈ, ਉਹ ਸ਼ਬਦਾਂ ਤੋਂ ਭਲਾਂ ਹੀ ਆਤਮ ਤੱਤਵ ਨੂੰ ਜਾਣਦਾ ਹੋਵੇ ਪਰ ਮੋਕਸ਼ ਨੂੰ ਨਹੀਂ ਜਾਣਦਾ।

205

ਕਈ ਮਨੁੱਖ ਸ਼ਾਸਤਰ ਨੂੰ ਜਾਣਦੇ ਹਨ, ਤਪੱਸਿਆ ਵਿੱਚ ਲੀਨ ਰਹਿੰਦੇ ਹਨ, ਪਰ ਪਰਮਾਤਮ ਤੱਤਵ ਨੂੰ ਨਹੀਂ ਜਾਣਦੇ। ਜਦ ਤੱਕ ਉਹ ਪ੍ਰਮਾਤਮ ਤੱਤਵ ਨੂੰ ਨਹੀਂ ਜਾਣ ਲੈਂਦੇ, ਉਸ ਨੂੰ ਆਪਣੇ ਅਨੁਭਵ ਵਿੱਚ ਨਹੀਂ ਉਤਾਰ ਲੈਂਦੇ, ਤਦ ਤੱਕ ਮੋਕਸ਼ ਨਹੀਂ ਮਿਲਦਾ।

206

ਸ਼ਾਸਤਰ ਨੂੰ ਪੜ੍ਹਦੇ ਹੋਏ ਵੀ ਜੋ ਮਨੁੱਖ ਵਿਕਲਪਾਂ (ਉਧੇੜ ਬੁਨ) ਵਿੱਚ ਫ਼ਸਿਆ ਹੋਇਆ ਹੈ, ਉਹ ਮੂਰਖ਼ ਹੈ। ਸਮਝਣਾ ਚਾਹੀਦਾ ਹੈ ਕਿ ਦੇਹ ਵਿੱਚ ਸਥਿਤ ਨਿਰਮਲ ਆਤਮਾ ਹੀ ਉਸ ਦੇ ਧਿਆਨ ਦਾ ਵਿਸ਼ਾ ਨਹੀਂ ਹੈ।

207

ਬੋਧ ਦੀ ਪ੍ਰਾਪਤੀ ਦੇ ਲਈ ਸੰਸਾਰ ਵਿੱਚ ਸ਼ਾਸਤਰ ਪੜ੍ਹੇ ਜਾਂਦੇ ਹਨ। ਪਰ ਸ਼ਾਸਤਰ ਪੜ੍ਹਣ ਤੋਂ ਵੀ ਜਿਸ ਨੂੰ ਉੱਤਮ ਬੋਧ ਨਾ ਹੋਵੇ, ਕੀ ਉਹ ਮੂਰਖ ਨਹੀਂ ਹੈ।

208

ਤੀਰਥਾਂ ਵਿੱਚ ਭਟਕਣ ਨਾਲ ਮੋਕਸ਼ ਨਹੀਂ ਮਿਲਦਾ। ਦਰਅਸਲ ਜਿਸ ਦੇ ਕੋਲ ਆਤਮ ਗਿਆਨ ਨਹੀਂ, ਉਹ ਮੁਨੀ ਨਹੀਂ ਅਖਵਾ ਸਕਦਾ।



209

ਗਿਆਨੀ ਮੁਨੀ ਅਤੇ ਭੇਖ ਧਾਰੀ ਮੁਨੀ ਵਿੱਚ ਫ਼ਰਕ ਹੁੰਦਾ ਹੈ। ਗਿਆਨੀ ਮੁਨੀ ਭੇਖ ਤੋਂ ਤਾਂ ਕੀ, ਸਰੀਰ ਨੂੰ ਵੀ ਆਤਮਾ ਤੋਂ ਭਿੰਨ ਸਮਝ ਦੇ ਛੱਡ ਦਿੰਦਾ ਹੈ।

210–211

ਗਿਆਨੀ ਅਤੇ ਅਗਿਆਨੀ ਵਿੱਚ ਇੰਨਾ ਹੀ ਭੇਦ ਹੈ ਕਿ ਅਗਿਆਨੀ ਧਰਮ ਦੇ ਅਨੇਕਾਂ ਬਹਾਨੇ ਕਰਕੇ ਇਸ ਪੂਰੇ ਸੰਸਾਰ ਨੂੰ ਹਥਿਆਉਣਾ ਚਾਹੁੰਦਾ ਹੈ। ਉਹ ਚੇਲੇ, ਚੇਲੀਆਂ ਅਤੇ ਗ੍ਰੰਥਾਂ ਤੋਂ ਖ਼ੁਸ਼ ਹੁੰਦਾ ਹੈ। ਇਸ ਦੇ ਉਲਟ ਗਿਆਨੀ ਇਨ੍ਹਾਂ ਬਾਹਰਲੇ ਪਦਾਰਥਾਂ ਤੋਂ ਸ਼ਰਮਿੰਦਾ ਹੁੰਦਾ ਹੈ ਅਤੇ ਇਨ੍ਹਾਂ ਨੂੰ ਕਰਮ ਬੰਧਨ ਦਾ ਕਾਰਨ ਸਮਝਦਾ ਹੈ।

212

ਪਿੱਛੀ, ਕਮੰਡਲ, ਪੁਸਤਕ, ਚੇਲੇ ਤੇ ਚੇਲੀਆਂ ਮੁਨੀ ਦੇ ਮਨ ਵਿੱਚ ਮੋਹ ਉਤਪੰਨ ਕਰਕੇ ਉਨ੍ਹਾਂ ਨੂੰ ਕੁਰਾਹੇ ਪਾ ਦਿੰਦੀਆਂ ਹਨ।

213

ਜਿਸ ਨੇ ਜਿਨਵਰ ਦਾ ਦੱਸਿਆ ਭੇਖ ਧਾਰਨ ਕਰਕੇ ਰਾਗ ਨਾਲ ਸਿਰ ਦਾ ਕੇਸ਼ ਲੋਚ (ਮੁੰਡਨ) ਕੀਤਾ ਹੈ, ਪਰ ਸਾਰੇ ਪਰਿਗ੍ਰਹਿਆਂ ਨੂੰ ਨਹੀਂ ਛੱਡਿਆ, ਉਸ ਨੇ ਆਪਣੀ ਆਤਮਾ ਨੂੰ ਠੱਗਿਆ ਹੈ।

214

ਜੋ ਮੁਨੀ ਜਿਨਵਰ ਦੇ ਚਿੰਨ੍ਹ ਧਾਰਨ ਕਰਕੇ ਵੀ ਇੱਛਾ ਅਨੁਸਾਰ ਪਰਿਗ੍ਰਹਿ ਨੂੰ ਗ੍ਰਹਿਣ ਕਰਦੇ ਹਨ, ਉਹ ਉਲਟੀ ਕਰਕੇ ਫਿਰ ਉਸ ਉਲਟੀ ਨੂੰ ਨਿਗਲਦੇ ਹਨ।

215

ਜੋ ਮੁਨੀ ਗਣ ਲਾਭ ਅਤੇ ਯਸ਼ ਦੇ ਲਈ ਪ੍ਰਮਾਤਮਾ ਦੇ ਧਿਆਨ ਨੂੰ ਛੱਡ ਦਿੰਦੇ ਹਨ, ਉਹ ਜਿਵੇਂ ਲੋਹੇ ਦੀ ਕਿੱਲ ਦੇ ਲਈ ਦੇਹ ਦੇ ਮੰਦਿਰ ਅਤੇ ਆਤਮਾ ਰੂਪੀ ਦੇਵਤਾ ਨੂੰ ਭਸਮ ਕਰਦੇ ਹਨ।

216

ਜਿਨੇਸ਼ਵਰ ਦੇਵ ਆਖਦੇ ਹਨ ਕਿ ਜੋ ਮੁਨੀ ਬਾਹਰਲੇ ਪਰਿਗ੍ਰਹਿ ਦੇ ਸਹਾਰੇ ਆਪਣੇ ਆਪ ਨੂੰ ਮਹਾਨ ਮੰਨਦਾ ਹੈ, ਉਹ ਨਿਸ਼ਚੈ ਹੀ ਅਤੇ ਅਸਲ ਵਿੱਚ ਪ੍ਰਮਾਤਮਾ ਨੂੰ ਨਹੀਂ ਜਾਣਦਾ।

217

ਹੇ ਜੀਵ ! ਪਰਮਾਰਥ ਨੂੰ ਸਮਝਣ ਵਾਲੇ ਦੇ ਲਈ ਕੋਈ ਛੋਟਾ ਵੱਡਾ ਨਹੀਂ ਹੁੰਦਾ। ਉਹ ਜਾਣਦੇ ਹਨ ਕਿ ਸਾਰੇ ਜੀਵ ਪਰਬ੍ਰਹਮ ਹਨ।

218

ਰਤਨ ਤ੍ਰੈ ਦਾ ਭਗਤ, ਮੁਨੀ ਕਿਸੇ ਵੀ ਸਰੀਰ ਵਿੱਚ ਸਥਿਤ ਜੀਵ ਦੇ ਵਿੱਚ ਫ਼ਰਕ ਨਹੀਂ ਕਰਦਾ। ਇਹੋ ਉਸ ਦਾ ਖ਼ਾਸ ਲੱਛਣ ਹੈ।

219



ਤਿੰਨ ਲੋਕਾਂ ਵਿੱਚ ਰਹਿਣ ਵਾਲੇ ਜੀਵ (ਆਤਮਾਵਾਂ) ਵਿੱਚ ਮੂਰਖ ਮਨੁੱਖ ਹੀ ਭੇਦ ਕਰਦੇ ਹਨ। ਗਿਆਨੀ ਦੇ ਲਈ ਤਾਂ ਇਹ ਸਭ ਕੇਵਲ ਗਿਆਨ ਦੀਆਂ ਸੰਭਾਨਾਵਾਂ ਵਾਲੇ ਅਤੇ ਇੱਕ ਸਮਾਨ ਹਨ।

220

ਸਾਰੇ ਜੀਵ ਆਤਮਾ ਗਿਆਨਵਾਨ, ਜਨਮ ਮਰਨ ਤੋਂ ਮੁਕਤ ਹਨ ਅਤੇ ਆਪਣੇ ਆਪਣੇ ਪ੍ਰਦੇਸ਼ਾਂ ਵਿੱਚ ਹੁੰਦੇ ਹੋਏ ਵੀ ਇੱਕ ਸਮਾਨ ਹਨ। ਉਹ ਸਭ ਆਪਣੇ ਗੁਣਾਂ ਤੋਂ ਵੀ ਇੱਕ ਬਰਾਬਰ ਹਨ।

221

ਜਿਨੇਂਦਰ ਭਗਵਾਨ ਨੇ ਦਰਸ਼ਨ ਅਤੇ ਗਿਆਨ ਨੂੰ ਸਾਰੇ ਜੀਵ ਆਤਮਾਵਾਂ ਦਾ ਲੱਛਣ ਗਿਆ ਹੈ। ਇਸ ਦੇ ਲਈ ਜਿਸ ਦੇ ਮਨ ਵਿੱਚ ਗਿਆਨ ਦਾ ਸਵੇਰਾ ਹੁੰਦਾ ਹੈ, ਉਹ ਜੀਵਾਂ ਵਿੱਚ ਭੇਦ ਨਹੀਂ ਕਰਦਾ।

222

ਹੇ ਯੋਗੀ ! ਇਸ ਸੰਸਾਰ ਵਿੱਚ ਰਹਿਣ ਵਾਲੇ ਜੀਵਾਂ ਵਿੱਚ ਜੋ ਭੇਦ ਨਹੀਂ ਕਰਦੇ ਉਹ ਪ੍ਰਮਾਤਮਾ ਦਾ ਪ੍ਰਕਾਸ਼ ਕਰਨ ਵਾਲੇ ਹਨ ਅਤੇ ਆਪਣੀ ਨਿਰਮਲ ਆਤਮਾ ਨੂੰ ਜਾਣਦੇ ਹਨ।

223

ਰਾਗ ਦਵੇਸ਼ ਛੱਡ ਕੇ ਸਾਰੇ ਜੀਵਾਂ ਨੂੰ ਬਰਾਬਰ ਸਮਝਣ ਵਾਲਾ ਮਨੁੱਖ ਸਮ-ਭਾਵ ਦਾ ਮਾਲਕ ਹੈ। ਉਹ ਛੇਤੀ ਹੀ ਨਿਰਵਾਣ ਪ੍ਰਾਪਤ ਕਰਦਾ ਹੈ।

224

ਜੋ ਗਿਆਨੀ ਮਨੁੱਖ ਇਹ ਜਾਣਦਾ ਹੈ ਕਿ ਜੀਵ ਆਤਮਾ ਦਾ ਲੱਛਣ ਦਰਸ਼ਨ, ਗਿਆਨ ਹੈ, ਉਹ ਭਲਾਂ ਦੇਹ ਭੇਦ ਤੋਂ ਜੀਵਾਂ ਵਿੱਚ ਭੇਦ ਕਿਵੇਂ ਕਰੇਗਾ ?

225

ਜੋ ਮਨੁੱਖ ਦੇਹ ਭੇਦ ਤੋਂ ਜੀਵ ਆਤਮਾ ਨੂੰ ਭਿੰਨ-ਭਿੰਨ ਭੇਦਾਂ ਨਾਲ ਜਾਣਦਾ ਹੈ, ਉਹ ਇਹ ਜਾਣਦਾ ਹੀ ਨਹੀਂ ਕਿ ਦਰਸ਼ਨ, ਗਿਆਨ ਅਤੇ ਚਰਿੱਤਰ ਸਾਰੇ ਜੀਵਾਂ ਦੇ ਲੱਛਣ ਹਨ।

226

ਸੂਖ਼ਮ ਜਾਂ ਸਥੂਲ (ਮੋਟੇ) ਸਰੀਰ ਅਤੇ ਬਾਲ ਜਾਂ ਬੁਢਾਪਾ ਆਦਿ ਅਵਸਥਾ ਪਿਛਲੇ ਕਰਮਾਂ ਤੋਂ ਹੁੰਦੀ ਹੈ। ਸਾਰੇ ਜੀਵ ਆਤਮਾ ਸਭ ਜਗ੍ਹਾ ਅਤੇ ਸਭ ਕਾਲ ਤੋਂ ਇੱਕ ਜਿਹੇ ਪ੍ਰਮਾਣ ਵਾਲੇ ਹੁੰਦੇ ਹਨ।

227

ਵਿਵਹਾਰ ਦੀ ਦ੍ਰਿਸ਼ਟੀ ਤੋਂ ਕੋਈ ਦੁਸ਼ਮਣ, ਕੋਈ ਮਿੱਤਰ, ਕੋਈ ਆਪਣਾ, ਕੋਈ ਪਰਾਇਆ ਹੋ ਸਕਦਾ ਹੈ। ਪਰ ਉਹ ਸਭ ਹਨ ਤਾਂ ਜੀਵ ਹੀ। ਅਜਿਹਾ ਜੋ ਸਭ ਨੂੰ ਇੱਕ ਮੰਨਦਾ ਹੈ, ਉਹ ਆਤਮ ਦੇ ਸਰੂਪ ਨੂੰ ਜਾਣਦਾ ਹੈ।

228

ਜੋ ਮਨੁੱਖ ਸਾਰੇ ਜੀਵਾਂ ਨੂੰ ਇੱਕ ਸੁਭਾਅ ਤੋਂ ਨਹੀਂ ਮੰਨਦਾ, ਉਹ ਸਮਭਾਵ ਤੋਂ ਰਹਿਤ ਹੈ। ਜੋ ਸੰਸਾਰ ਰੂਪੀ ਸਮੁੰਦਰ ਤੋਂ ਜਹਾਜ ਦੀ ਤਰ੍ਹਾਂ ਪਾਰ ਉਤਾਰਦਾ ਹੈ।



229

ਜੀਵਾਂ ਦੇ ਭੇਦ ਕਰਮ ਕ੍ਰਿਤ ਹਨ। ਕਰਮ ਜੀਵ ਨਹੀਂ ਹੈ। ਐਸਾ ਵੀ ਸਮਾਂ ਆਉਂਦਾ ਹੈ ਜਦ ਜੀਵ ਕਰਮਾਂ ਤੋਂ ਜੁਦਾ ਹੋ ਜਾਂਦਾ ਹੈ।

230

ਅਸੀਂ ਸਭ ਨੂੰ ਇੱਕ ਮੰਨੀਏ, ਰਾਗ ਦਵੇਸ਼ ਨਾ ਕਰੀਏ, ਬ੍ਰਾਹਮਣ, ਖੱਤਰੀ ਆਦਿ ਵਰਨ ਦੇ ਭੇਦ ਵਿੱਚ ਨਾ ਪਈਏ। ਕਿਉਂਕਿ ਇੱਕ ਆਤਮ ਦੇਵ ਦੇ ਕਾਰਨ ਹੀ ਇਹ ਸਾਰੇ ਪ੍ਰਾਣੀ ਸਥਿਤ ਹਨ।

231

ਆਤਮ ਦਰੱਵ ਨੂੰ ਜਾਨਣ ਵਾਲਾ ਸ੍ਰੇਸ਼ਠ ਮੁਨੀ ਪਰ ਦਰੱਵ ਦੇ ਮਿਲਾਪ ਦਾ ਤਿਆਗ ਕਰਦੇ ਹਨ, ਕਿਉਂਕਿ ਪਰ ਦਰੱਵ ਦਾ ਮੇਲ ਪਰ ਆਤਮਾ ਤੋਂ ਧਿਆਨ ਹਟਾਉਂਦਾ ਹੈ।

232

ਸਮ ਭਾਵ, ਭਾਵ ਨਿਜ ਆਤਮ ਭਾਵ ਤੋਂ ਇਲਾਵਾ ਜੋ ਪਦਾਰਥ ਹਨ, ਉਨ੍ਹਾਂ ਦਾ ਮਿਲਾਪ ਨਹੀਂ ਕਰਨਾ ਚਾਹੀਦਾ। ਉਨ੍ਹਾਂ ਦਾ ਮਿਲਾਪ ਤੁਹਾਨੂੰ ਚਿੰਤਾ ਰੂਪੀ ਸਮੁੰਦਰ ਵਿੱਚ ਡੁਬੋ ਦੇਵੇਗਾ। ਤੁਹਾਡੇ ਸਰੀਰ ਨੂੰ ਜਲਾ ਦੇਵੇਗਾ।

233

ਦੁਸ਼ਟਾਂ ਦੇ ਮੇਲ ਤੋਂ ਚੰਗੇ ਮਨੁੱਖਾਂ ਦੇ ਗੁਣ ਵੀ ਨਸ਼ਟ ਹੋ ਜਾਂਦੇ ਹਨ। ਲੋਹੇ ਦੇ ਮੇਲ ਕਰਨ ਨਾਲ ਅੱਗ ਨੂੰ ਵੀ ਘਣਾਂ ਨਾਲ ਕੁੱਟਿਆ ਜਾਂਦਾ ਹੈ।

234

ਹੇ ਯੋਗੀ ! ਮੋਹ ਨੂੰ ਛੱਡ ਦੇ, ਮੋਹ ਚੰਗਾ ਨਹੀਂ ਹੁੰਦਾ। ਮੋਹ ਵਿੱਚ ਫ਼ਸਿਆ ਸੰਪੂਰਨ ਜਗਤ ਕਲੇਸ਼ ਭੋਗਦਾ ਦਿਖਾਈ ਦਿੰਦਾ ਹੈ।

235

ਰੂਪ ਵਿੱਚ ਲੱਗਿਆ ਪਤੰਗਾ, ਸ਼ਬਦ ਵਿੱਚ ਲੱਗਿਆ ਹਿਰਨ, ਸਪਰਸ਼ ਵਿੱਚ ਲੱਗਿਆ ਹਾਥੀ, ਗੰਧ ਵਿੱਚ ਲੱਗਿਆ ਭੌਰਾ, ਰਸ ਵਿੱਚ ਲੱਗਿਆ ਮੱਛ ਇਸ ਪ੍ਰਕਾਰ ਇੱਕ-ਇੱਕ ਇੰਦਰੀ ਦੇ ਵਿਸ਼ੇ ਕਸ਼ਾਇ ਵਿੱਚ ਲਿਬੜੇ ਜੀਵ ਵੀ ਨਸ਼ਟ ਹੋ ਜਾਂਦੇ ਹਨ। ਕਿਉਂਕਿ ਵਿਵੇਕੀ ਜੀਵ ਨੂੰ ਪੰਜ ਇੰਦਰੀਆਂ ਦੇ ਵਿਸ਼ਿਆਂ ਵਿੱਚ ਰਾਗ ਰੱਖਦਾ ਚਾਹੀਦਾ ਹੈ ?

236

ਹੇ ਯੋਗੀ ! ਲੋਭ ਨੂੰ ਛੱਡ ਦੇ, ਲੋਭ ਚੰਗਾ ਨਹੀਂ। ਲੋਭ ਵਿੱਚ ਫ਼ਸਿਆ ਹੋਇਆ ਸੰਪੂਰਨ ਸੰਸਾਰ, ਦੁੱਖ ਸਹਿੰਦਾ ਵਿਖਾਈ ਦਿੰਦਾ ਹੈ।

237

ਲੋਹੇ ਦੇ ਮੇਲ ਦੇ ਕਾਰਨ ਅੱਗ ਨੂੰ ਵੀ ਨੀਂਵਾਂ, ਉੱਪਰ ਘਣ ਦੀ ਚੋਟ ਅਤੇ ਸੰਡਾਸੀ ਦਾ ਖਿੱਚਿਆ ਜਾਣਾ, ਸੱਟ ਲੱਗਣ ਨਾਲ ਟੁੱਟਣਾ ਆਦਿ ਕਸ਼ਟ ਝੇਲਣੇ ਪੈਂਦੇ ਹਨ। ਲੋਭ ਵਿੱਚ ਫ਼ਸਿਆ ਹੋਇਆ ਮਨੁੱਖ ਵੀ ਇਸੇ ਤਰ੍ਹਾਂ ਦੁੱਖ ਉਠਾਉਂਦਾ ਹੈ।

238



ਹੇ ਯੋਗੀ ! ਰਾਗ ਨੂੰ ਛੱਡ ਦੇ, ਰਾਗ ਚੰਗਾ ਨਹੀਂ ਹੁੰਦਾ। ਰਾਗ ਵਿੱਚ ਫ਼ਸਿਆ ਹੋਇਆ ਸਾਰਾ ਸੰਸਾਰ ਦੁੱਖ ਸਹਿੰਦਾ ਵਿਖਾਈ ਦਿੰਦਾ ਹੈ।

239

ਸਨੇਹ (ਰਾਗ ਤੇ ਤੇਲ) ਦੇ ਮੇਲ ਕਾਰਨ ਹੀ ਤਿਲਾਂ ਦੇ ਸਮੂਹ ਨੂੰ ਪਾਣੀ ਵਿੱਚ ਭਿੱਜ ਕੇ ਪੈਰਾਂ ਨਾਲ ਗੁੰਨ੍ਹੇ ਜਾਣ 'ਤੇ ਘਾਣੀ ਵਿੱਚ ਬਾਰ ਬਾਰ ਪੀੜੇ ਜਾਣ ਦਾ ਕਸ਼ਟ ਝੱਲਣਾ ਪੈਂਦਾ ਹੈ।

240

ਉਹੀ ਮਨੁੱਖ ਧੰਨ ਹਨ, ਉਹੀ ਮਨੁੱਖ ਸੱਜਣ ਹਨ, ਲੋਕ ਵਿੱਚ ਉਨ੍ਹਾਂ ਦਾ ਜੀਵਨ ਹੀ ਅਸਲੀ ਜੀਵਨ ਹੈ, ਜੋ ਜਵਾਨੀ ਰੂਪੀ ਵੱਡੇ ਤਲਾਬ ਵਿੱਚ ਪਏ ਹੋਏ ਵੀ ਖੇਡ ਖੇਡ ਵਿੱਚ ਉਸ ਨੂੰ ਪਾਰ ਕਰ ਲੈਂਦੇ ਹਨ।

241

ਜਿਨੇਂਦਰ ਭਗਵਾਨ ਨੇ ਅਨੇਕ ਪ੍ਰਕਾਰ ਦਾ ਰਾਗ ਛੱਡ ਕੇ ਮੋਕਸ਼ ਨੂੰ ਪ੍ਰਾਪਤ ਕੀਤਾ ਹੈ। ਹੇ ਜੀਵ ! ਤੂੰ ਤਾਂ ਭਿੱਖਿਆ ਦੇ ਭੋਜਨ 'ਤੇ ਜਿਉਂਦਾ ਹੈ। ਫਿਰ ਆਤਮਾ ਦਾ ਕੰਮ ਕਿਉਂ ਨਹੀਂ ਕਰਦਾ।

242

ਹੇ ਜੀਵ ! ਤੂੰ ਸੰਸਾਰ ਵਿੱਚ ਭਟਕਦਾ ਹੋਇਆ ਮਹਾਨ ਦੁੱਖ ਪਾਵੇਂਗਾ। ਇਸ ਲਈ ਅੱਠ ਕਰਮਾਂ ਦਾ ਨਾਸ ਕਰਕੇ ਮਹਾਨਤਮ ਮੋਕਸ਼ ਦੀ ਪ੍ਰਾਪਤੀ ਕਰ।

243

ਹੇ ਜੀਵ ! ਤੇਰੀ ਤਾਕਤ ਥੋੜ੍ਹਾ ਜਿਹਾ ਦੁੱਖ ਵੀ ਸਹਿਣ ਦੀ ਨਹੀਂ ਹੈ। ਫਿਰ ਉਹਨਾਂ ਕਰਮਾਂ ਨੂੰ ਕਿਉਂ ਕਰਦਾ ਹੈ ਜੋ ਚਾਰ ਗਤੀਆਂ ਦੇ ਦੁੱਖਾਂ ਦਾ ਕਾਰਨ ਹਨ।

244

ਧੰਦੇ ਵਿੱਚ ਪਿਆ ਸਾਰਾ ਅਗਿਆਨੀ ਸੰਸਾਰ, ਸਭ ਤਰ੍ਹਾਂ ਦੇ ਕਰਮ ਕਰਦਾ ਹੈ। ਬੱਸ ਮੋਕਸ਼ ਦੇਣ ਵਾਲੀ ਆਤਮਾ ਦੇ ਬਾਰੇ ਇੱਕ ਪਲ ਵੀ ਨਹੀਂ ਸੋਚਦਾ।

245

ਸ੍ਰੇਸ਼ਠ ਗਿਆਨ ਤੋਂ ਬਿਨਾਂ ਅਤੇ ਇਸਤਰੀ, ਪੁੱਤਰ ਆਦਿ ਦੇ ਮੋਹ ਦੇ ਕਾਰਨ ਇਹ ਜੀਵ ਚੌਰਾਸੀ ਲੱਖ ਜੂਨੀਆਂ ਵਿੱਚ ਭਟਕ ਰਿਹਾ ਹੈ।

246

ਹੇ ਜੀਵ ! ਤੂੰ ਘਰ, ਪਰਿਵਾਰ, ਸਰੀਰ ਅਤੇ ਪਿਆਰੇ ਮਿੱਤਰਾਂ ਨੂੰ ਆਪਣਾ ਨਾ ਸਮਝ, ਯੋਗੀਆਂ ਨੇ ਇਸ ਨੂੰ ਕਰਮ ਦੇ ਆਧੀਨ ਅਤੇ ਕ੍ਰਿਤਿਅਮ ਕਿਹਾ ਹੈ।

247

ਹੇ ਜੀਵ ! ਤੂੰ ਘਰ ਪਰਿਵਾਰ ਦਾ ਚਿੰਤਨ ਕਰਦੇ ਹੋਏ ਮੋਕਸ਼ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਉੱਤਮ ਤਪ ਦਾ ਚਿੰਤਨ ਕਰ। ਉੱਤਮ ਤਪ ਅਤੇ ਸਿਰਫ਼ ਉੱਤਮ ਤਪ ਤੋਂ ਹੀ ਤੈਨੂੰ ਸ੍ਰੇਸ਼ਠ ਮੋਕਸ਼ ਮਿਲੇਗਾ।

248



ਹੇ ਜੀਵ ! ਇਸਤਰੀ ਪੁੱਤਰ ਆਦਿ ਦੇ ਲਈ ਦੂਸਰੇ ਲੱਖਾਂ ਜੀਵਾਂ ਨੂੰ ਮਾਰਨ ਦਾ ਹੁਣ ਤੂੰ ਪਾਪ ਕਰਦਾ ਹੈਂ, ਉਸ ਦਾ ਫ਼ਲ ਤੈਨੂੰ ਇਕੱਲੇ ਨੂੰ ਭੋਗਣਾ ਪਵੇਗਾ।

249

ਹੇ ਜੀਵ ! ਦੂਸਰੇ ਜੀਵਾਂ ਨੂੰ ਮਾਰਨ ਅਤੇ ਚੂਰ-ਚੂਰ ਕਰਨ ਦਾ ਜੋ ਦੁੱਖ ਤੂੰ ਉਨ੍ਹਾਂ ਨੂੰ ਪਹੁੰਚਾਵੁੰਦਾ ਹੈ, ਉਸ ਦੇ ਫ਼ਲ ਦੇ ਰੂਪ ਵਿੱਚ ਕਈ ਗੁਣਾ ਦੁੱਖ ਤੈਨੂੰ ਭੋਗਣਾ ਪਵੇਗਾ।

250

ਜੀਵਾਂ ਨੂੰ ਮਾਰ ਕੇ ਨਰਕ ਗਤੀ ਅਤੇ ਉਨ੍ਹਾਂ ਨੂੰ ਅਭੈ ਦਾਨ ਦੇਣ ਨਾਲ ਸਵਰਗ ਮਿਲਦਾ ਹੈ। ਇਹ ਦੋਹੇ ਰਸਤੇ ਤੇਰੇ ਸਾਹਮਣੇ ਹਨ। ਜਿਸ ਵਿੱਚ ਤੇਰੀ ਰੁਚੀ ਹੋਵੇ, ਉਸ 'ਤੇ ਚੱਲ।

251

ਹੇ ਮੂਰਖ ਸ਼ੁੱਧ ਆਤਮਾ ਤੋਂ ਸਿਵਾਏ ਸਭ ਕੁਝ ਬਨਾਵਟੀ ਹੈ। ਭਰਮ ਵਿੱਚ ਪੈ ਕੇ ਤੂੜੀ ਨੂੰ ਕੁੱਟਣ ਦਾ ਕੰਮ ਨਾ ਕਰ। ਘਰ ਪਰਿਵਾਰ ਦਾ ਮੋਹ ਛੱਡ ਕੇ ਪਵਿੱਤਰ ਮੋਕਸ਼ ਮਾਰਗ ਨਾਲ ਪਿਆਰ ਕਰ।

252

ਹੇ ਯੋਗੀ ! ਸਭ ਕੁਝ ਬਨਾਵਟੀ ਹੈ। ਨਾ ਬਨਾਵਟੀ ਵਿੱਚ ਕੁਝ ਵੀ ਨਹੀਂ। ਇਸ ਗੱਲ ਵੱਲ ਧਿਆਨ ਦੇ ਕਿ ਜੀਵ ਦੇ ਜਾਣ 'ਤੇ ਦੇਹ ਵੀ ਉਸ ਦਾ ਸਾਥ ਨਹੀਂ ਦਿੰਦੀ।

253

ਮੰਦਿਰ ਅਤੇ ਖੁਦ ਦੇਵਤਾ ਵੀ ਅਤੇ ਸ਼ਾਸਤਰ, ਗੁਰੂ, ਤੀਰਥ ਸਥਾਨ, ਵੇਦ ਕਾਵਯ ਆਦਿ ਦੇ ਰੂਪ ਵਿੱਚ ਇਹ ਜੋ ਲੱਦੇ ਫੁੱਲਾਂ ਦੇ ਦਰਖ਼ਤ ਹਨ, ਇਹ ਸਭ ਕਾਲ ਦੀ ਅੱਗ ਬਣ ਜਾਣਗੇ।

254

ਇੱਕ ਆਤਮਾ ਰੂਪੀ ਪਰਬ੍ਰਹਮ ਨੂੰ ਛੱਡ ਕੇ ਬਾਕੀ ਸਾਰੇ ਸੰਸਾਰ ਦੀ ਰਚਨਾ ਖਿਣ-ਭੰਗੁਰ ਹੈ, ਇਹ ਸਮਝ ਲੈਣਾ ਚਾਹੀਦਾ ਹੈ।

255

ਸੂਰਜ ਦੇ ਨਿਕਲਣ ਦੇ ਸਮੇਂ ਜੋ ਪਦਾਰਥ ਦਿਖਾਈ ਦਿੰਦਾ ਹੈ, ਉਹ ਸੂਰ ਛਿਪਣ ਤੋਂ ਬਾਅਦ ਨਹੀਂ ਠਹਿਰਦਾ, ਨਸ਼ਟ ਹੋ ਜਾਂਦੇ ਹਨ। ਇਸ ਲਈ ਹੇ ਗਿਆਨੀ, ਧਰਮ ਦਾ ਪਾਲਣ ਕਰ। ਧਨ ਅਤੇ ਜਵਾਨੀ ਦਾ ਲਾਲਚ ਕੀ ਕਰਨਾ।

256

ਸਰੀਰ ਰੂਪੀ ਚਮੜੇ ਵਾਲੇ ਦਰਖ਼ਤ ਨੂੰ ਪਾ ਕੇ ਜਿਸ ਨੇ ਧਰਮ ਤੇ ਤਪ ਨਹੀਂ ਕੀਤਾ, ਉਸ ਦੇ ਉਸ ਸਰੀਰ ਰੂਪੀ ਦਰਖਤ ਨੂੰ ਬੁਢਾਪੇ ਦਾ ਦੀਮਕ ਖਾ ਜਾਵੇਗਾ ਅਤੇ ਉਸ ਨੂੰ ਨਰਕ ਵਿੱਚ ਸੁੱਟ ਦੇਵੇਗਾ।

257

ਹੇ ਜੀਵ ! ਤੂੰ ਜਿਨ ਪਦ ਦੀ ਭਗਤੀ ਕਰ। ਰਿਸ਼ਤੇਦਾਰ ਜੋ ਸੰਸਾਰਕ ਸੁੱਖ ਦੇ ਕਾਰਨ ਹਨ, ਉਨ੍ਹਾਂ ਦਾ ਮੋਹ



ਛੱਡ। ਤੂੰ ਪਿਤਾ ਤੋਂ ਕੀ ਲੈਣਾ ਦੇਣਾ। ਜਿਸ ਨੇ ਤੈਨੂੰ ਸੰਸਾਰ ਰੂਪੀ ਸਮੁੰਦਰ ਵਿੱਚ ਸੁੱਟ ਦਿੱਤਾ ਹੈ।

258

ਜਿਸ ਨੇ ਆਪਣਾ ਚਿੱਤ ਨਿਰਮਲ ਕਰਕੇ ਤਪ ਨਹੀਂ ਕੀਤਾ, ਉਸ ਨੇ ਮਨੁੱਖ ਜਨਮ ਪਾ ਕੇ ਆਪਣੀ ਆਤਮਾ ਨੂੰ ਠੱਗਣ ਦਾ ਕੰਮ ਕੀਤਾ ਹੈ।

259

ਹੇ ਜੀਵ ! ਪੰਜ ਇੰਦਰੀਆਂ ਦੇ ਇਨ੍ਹਾਂ ਊਠਾਂ ਨੂੰ ਚਰਨ ਦੇ ਲਈ ਖੁੱਲ੍ਹਾ ਨਾ ਛੱਡ। ਇਹ ਸਾਰੇ ਵਿਸ਼ੇ ਰੂਪੀ ਜੰਗਲ ਨੂੰ ਚਰ ਕੇ ਤੈਨੂੰ ਸੰਸਾਰ ਦੇ ਜਨਮ ਮਰਨ ਦੇ ਚੱਕਰ ਵਿੱਚ ਪਾ ਦੇਣਗੇ।

260

ਹੇ ਯੋਗੀ ! ਧਿਆਨ ਦੀ ਗਤੀ ਬੜੀ ਔਖੀ ਹੈ। ਮਨ ਆਤਮਾ ਵਿੱਚ ਸਥਿਰ ਨਹੀਂ ਹੁੰਦਾ। ਇਹ ਇੰਦਰੀਆਂ ਦੇ ਵਿਸ਼ਿਆਂ ਨੂੰ ਹੀ ਸੁੱਖ ਮੰਨਦਾ ਹੋਇਆ ਬਾਰ ਬਾਰ ਉਨ੍ਹਾਂ ਵਿੱਚ ਜਾਂਦਾ ਹੈ।

261

ਵਿਸ਼ਿਆਂ ਦੇ ਸੁੱਖ ਦੋ ਦਿਨ ਦੇ ਹਨ। ਪਰ ਦੁੱਖਾਂ ਦਾ ਸਿਲਸਿਲਾ ਲੰਬਾ ਹੈ। ਹੇ ਭੋਲੇ ਜੀਵ ! ਤੂੰ ਆਪਣੇ ਪੈਰਾਂ 'ਤੇ ਕੁਹਾੜੀ ਨਾ ਮਾਰ।

262

ਜੋ ਮਨੁੱਖ ਪ੍ਰਾਪਤ ਇੰਦਰੀਆਂ ਦੇ ਵਿਸ਼ਿਆਂ ਨੂੰ ਛੱਡ ਦਿੰਦਾ ਹੈ, ਮੈਂ ਉਸ 'ਤੇ ਨੋਛਾਵਰ ਜਾਂਦਾ ਹਾਂ। ਉਸ ਦੇ ਸਿਰ ਨੂੰ ਦੇਵ ਨੇ ਮੁੰਡਿਤ ਕਰ ਦਿੱਤਾ। ਉਸ ਨੂੰ ਸੰਜਮ ਲੈਣ ਦੀ ਕੀ ਜ਼ਰੂਰਤ ਹੈ।

263

ਪੰਜ ਇੰਦਰੀਆਂ ਦੇ ਮਾਲਕ ਨੂੰ ਵੱਸ ਵਿੱਚ ਕਰ। ਇਸ ਨਾਲ ਇੰਦਰੀਆਂ ਆਪਣੇ ਆਪ ਵੱਸ ਵਿੱਚ ਹੋ ਜਾਣਗੀਆਂ। ਦਰਖ਼ਤ ਦੀ ਜੜ ਪੁੱਟੀ ਜਾਵੇ ਤਾਂ ਪੱਤੇ ਆਪਣੇ ਆਪ ਸੁੱਕ ਜਾਂਦੇ ਹਨ।

264

ਹੇ ਜੀਵ ! ਸੰਸਾਰ ਵਿੱਚ ਡੁੱਬਿਆ ਹੋਇਆ ਆਖ਼ਰ ਤੂੰ ਕਿੰਨਾ ਸਮਾਂ ਗੁਜ਼ਾਰੇਂਗਾ। ਹੁਣ ਤਾਂ ਆਪਣੀ ਆਤਮਾ ਨਾਲ ਭੇਟ ਕਰ ਤਾਂ ਕਿ ਤੂੰ ਨਿਸ਼ਚਿਤ ਹੀ ਮੋਕਸ਼ ਨੂੰ ਪ੍ਰਾਪਤ ਕਰ ਸਕੇਂ।

265

ਹੇ ਤਪੱਸਵੀ ! ਆਤਮਾ ਨਾਲ ਸਾਕਸ਼ਾਤਕਾਰ ਛੱਡ ਕੇ ਤੂੰ ਕਿਤੇ ਨਾ ਜਾ। ਵੇਖ ਜੋ ਮਨੁੱਖ ਆਤਮ ਭਾਵ ਵਿੱਚ ਲੀਨ ਨਹੀਂ ਹੁੰਦੇ, ਉਹ ਦੁਖੀ ਰਹਿੰਦੇ ਹਨ।

266

ਕਾਲ ਅਨਾਦਿ ਹੈ। ਸੰਸਾਰ ਸਮੁੰਦਰ ਵੀ ਅਨਾਦਿ ਹੈ, ਅਨੰਤ ਹੈ। ਜੀਵ ਵੀ ਘੱਟ ਨਹੀਂ, ਉਹ ਵੀ ਅਨਾਦਿ ਹਨ। ਬੱਸ ਇਹੋ ਕਮੀ ਹੈ ਜੋ ਜੀਵ ਨੇ ਸਮਿਅਕ ਦਰਸ਼ਨ ਅਤੇ ਜਿਨੇਂਦਰ ਨੂੰ ਪ੍ਰਾਪਤ ਨਹੀਂ ਕੀਤਾ ਹੈ।



267

ਹੇ ਜੀਵ ! ਘਰ ਵਿੱਚ ਰਹਿਣਾ ਪਾਪਾਂ ਨਾਲ ਰਹਿਣਾ ਹੈ। ਯਮਰਾਜ ਨੇ ਜੀਵ ਨੂੰ ਬੰਨ੍ਹਣ ਦੇ ਲਈ ਘਰ ਰੂਪੀ ਮਜਬੂਤ ਰੱਸਾ ਬਣਾਇਆ ਹੈ।

268

ਜਿੱਥੇ ਦੇਹ ਵੀ ਆਪਣੀ ਨਹੀਂ ਉੱਥੇ ਦੂਸਰਾ ਕੌਣ ਆਪਣਾ ਹੋਵੇਗਾ ? ਮੋਕਸ਼ ਦੇ ਸੰਗਮ ਨੂੰ ਛੱਡ ਕੇ ਸਾਨੂੰ ਇਸਤਰੀ ਪੁੱਤਰੀ ਦਾ ਮੋਹ ਨਹੀਂ ਕਰਨਾ ਚਾਹੀਦਾ।

269

ਹੇ ਯੋਗੀ ! ਜਿਸ ਨੇ ਸਿਰਫ਼ ਆਤਮਾ ਨੂੰ ਜਾਣ ਉਸ ਨਾਲ ਹੀ ਤੈਨੂੰ ਸੁੱਖ ਮਿਲੇਗਾ, ਦੂਸਰਾ ਅਜਿਹਾ ਕੁਝ ਵੀ ਨਾ ਸੋਚ, ਜਿਸ ਤੋਂ ਤੈਨੂੰ ਮੋਕਸ਼ ਤੋਂ ਵਾਂਝੇ ਰਹਿਣਾ ਪਵੇ।

270

ਲੋਕ ਮਨੁੱਖ ਜਨਮ 'ਤੇ ਨੋਛਾਵਰ ਹੁੰਦੇ ਹਨ, ਪਰ ਉਹ ਉੱਪਰ ਤੋਂ ਹੀ ਸਾਰ ਵਾਲਾ ਲੱਖਦਾ ਹੈ। ਹਕੀਕਤ ਇਹ ਹੈ ਕਿ ਜੇ ਮਨੁੱਖ ਦੀ ਦੇਹ ਨੂੰ ਮਿੱਟੀ ਵਿੱਚ ਦੱਬਿਆ ਜਾਵੇ ਤਾਂ ਉਹ ਬਦਬੂ ਦੇਵੇਗੀ ਅਤੇ ਜੇ ਜਲਾਇਆ ਜਾਵੇ ਤਾਂ ਰਾਖ ਬਣੇਗੀ।

271

ਦੇਹ ਨੂੰ ਵਟਨਾ ਲਾਵੋ, ਸ਼ਿੰਗਾਰ ਕਰੋ, ਉਸ ਨੂੰ ਮਿੱਠਾ ਭੋਜਨ ਦੇਵੋ ਪਰ ਇਹ ਸਭ ਦੁਸ਼ਟ ਪ੍ਰਤੀ ਕੀਤੇ ਉਪਕਾਰ ਦੀ ਤਰ੍ਹਾਂ ਵਿਅਰਥ ਹਨ।

272

ਹੇ ਯੋਗੀ ! ਇਹ ਦੇਹ ਨਰਕ ਭਰੇ ਘਰ ਦੀ ਤਰ੍ਹਾਂ ਖੋਖਲੀ ਹੈ। ਇਸ ਵਿੱਚ ਮਲ-ਮੂਤਰ ਭਰਿਆ ਹੈ। ਤੂੰ ਇਸ ਨਾਲ ਪ੍ਰੇਮ ਕਰਦਾ ਹੈਂ ?

273

ਤਿੰਨ ਲੋਕ ਵਿੱਚ ਜਿੰਨੇ ਵੀ ਪਾਪ, ਦੁੱਖ ਅਤੇ ਅਪਵਿੱਤਰਤਾਵਾਂ ਹਨ, ਉਨ੍ਹਾਂ ਸਭ ਤੋਂ ਵਿਧਾਤਾ ਨੇ ਇਹ ਸਰੀਰ ਬਣਾ ਕੇ ਪਤਾ ਨਹੀਂ ਕਿਹੜੀ ਦੁਸ਼ਮਣੀ ਨਿਭਾਈ ਹੈ।

274

ਹੇ ਯੋਗੀ ! ਇਹ ਦੇਹ ਘ੍ਰਿਣਾ ਯੋਗ ਹੈ। ਇਸ ਵਿੱਚ ਘੁੰਮਦੇ ਹੋਏ ਤੈਨੂੰ ਸ਼ਰਮ ਨਹੀਂ ਆਉਂਦੀ। ਚੰਗਾ ਹੈ ਕਿ ਤੂੰ ਆਤਮਾ ਨੂੰ ਲਿਰਮਲ ਕਰਨ ਵਾਲੇ ਧਰਮ ਨਾਲ ਪਿਆਰ ਕਰ।

275

ਹੇ ਯੋਗੀ ਦੇਹ ਦਾ ਮੋਹ ਛੱਡ ਦੇ, ਦੇਹ ਚੰਗੀ ਨਹੀਂ। ਦੇਹ ਤੋਂ ਭਿੰਨ ਉਸ ਆਤਮਾ ਵਿੱਚ ਧਿਆਨ ਲਗਾ ਜੋ ਗਿਆਨਵਾਨ ਹੈ।

276

ਦੇਹ ਨੂੰ ਦੁੱਖ ਦਾ ਕਾਰਨ ਸਮਝ ਕੇ ਗਿਆਨੀ ਉਸ ਦੇ ਪ੍ਰਤੀ ਮਮਤਾ ਛੱਡ ਦਿੰਦੇ ਹਨ। ਜਿੱਥੇ ਉੱਤਮ ਸੁੱਖ ਨਾ ਹੋਵੇ, ਉੱਥੇ ਚੰਗੇ ਪੁਰਸ਼ ਕਿਵੇਂ ਰਹਿ ਸਕਦੇ ਹਨ ?

277



ਹੇ ਭਾਈ ! ਜੋ ਸੁੱਖ ਆਤਮਾ ਦੇ ਅਧੀਨ ਹੈ, ਤੂੰ ਉਸ ਵਿੱਚ ਸੰਤੋਖ ਕਰ। ਪਰ ਅਧੀਨ ਸੁੱਖ ਦਾ ਚਿੰਤਨ ਕਰਨ ਨਾਲ ਹਿਰਦੇ ਦੀ ਅੱਗ ਨਹੀਂ ਮਿਟਦੀ।

278

ਆਤਮ ਗਿਆਨ ਤੋਂ ਇਲਾਵਾ ਕੋਈ ਨਿੱਜ ਸੁਭਾਅ ਨਹੀਂ ਹੈ। ਹੇ ਯੋਗੀ ! ਇਹ ਜਾਣ ਕੇ ਤੂੰ ਪਰ ਨੂੰ ਆਪਣੇ ਰਾਗ ਦਾ ਵਿਸ਼ਾ ਨਾ ਬਣਾ।

279

ਜਿਸ ਮਨੁੱਖ ਦਾ ਮਨ ਰੋਟੀ, ਜਲ, ਵਿਸ਼ੇ ਕਸ਼ਾਇ ਤੋਂ ਚੰਚਲ ਨਹੀਂ ਹੁੰਦਾ, ਉਸ ਦੀ ਆਤਮਾ ਨਿਰਮਲ ਹੋ ਜਾਂਦੀ ਹੈ ਅਤੇ ਉਸ ਨੂੰ ਪ੍ਰਤੱਖ ਪ੍ਰਤੀਤੀ ਛੇਤੀ ਹੋ ਜਾਂਦੀ ਹੈ।

280

ਹੇ ਭਰਾ ! ਜਿਸ ਮਨੁੱਖ ਵਿੱਚ ਮਨ ਨੂੰ ਵੱਸ ਵਿੱਚ ਕਰਕੇ ਆਤਮਾ ਨੂੰ ਪ੍ਰਮਾਤਮਾ ਵਿੱਚ ਬਦਲਣ ਦੀ ਤਾਕਤ ਨਹੀਂ ਹੈ, ਉਸ ਦਾ ਯੋਗ ਕੀ ਕਰੇਗਾ ?

281

ਜੋ ਗਿਆਨਵਾਨ ਆਤਮਾ ਨੂੰ ਛੱਡ ਕੇ ਪਰ ਦਰੱਵ ਦਾ ਭਾਵ ਜੜ ਪਦਾਰਥਾਂ ਦਾ ਧਿਆਨ ਕਰਦੇ ਹਨ ਉਹ ਅਗਿਆਨੀ ਹਨ। ਹੇ ਭਰਾ ! ਉਨ੍ਹਾਂ ਨੂੰ ਕੇਵਲ ਗਿਆਨ ਕਿਵੇਂ ਪ੍ਰਾਪਤ ਹੋਵੇਗਾ ?

282

ਸ਼ੂਨਯ ਪਦ ਭਾਵ ਆਤਮਾ ਦਾ ਧਿਆਨ ਕਰਨ ਵਾਲੇ ਪਦਾਰਥਾਂ ਦੇ ਪ੍ਰਤੀ ਸਮਭਾਵ ਰੱਖਣ ਵਾਲੇ ਅਤੇ ਪੁੰਨ, ਪਾਪ ਦੋਹਾਂ ਵਿੱਚ ਮਤਲਬ ਨਾ ਰੱਖਣ ਵਾਲੇ ਯੋਗੀਆਂ 'ਤੇ ਮੈਂ ਨਿਛਾਵਰ ਜਾਂਦਾ ਹਾਂ।

283

ਜੋ ਉੱਜੜੇ ਹੋਏ ਨੂੰ ਵਸਾਉਂਦਾ ਹੈ, ਵਸੇ ਹੋਏ ਨੂੰ ਉਜਾੜਦਾ ਹੈ ਅਤੇ ਪੁੰਨ ਪਾਪ ਤੋਂ ਪਰੇ ਰਹਿੰਦਾ ਹੈ, ਉਸ ਯੋਗੀ ਤੋਂ ਮੈਂ ਨਿਛਾਵਰ ਜਾਂਦਾ ਹਾਂ।

284

ਪ੍ਰਭਾਕਰ ਭੱਟ ਨੇ ਬੇਨਤੀ ਕੀਤੀ ਹੇ ਸੁਆਮੀ ! ਮੈਨੂੰ ਉਹ ਉਪਦੇਸ਼ ਦੇਵੋ ਜਿਸ ਨਾਲ ਮੋਹ ਛੇਤੀ ਹੀ ਟੁੱਟ ਜਾਵੇ ਅਤੇ ਮਨ ਸਥਿਰ ਹੋ ਜਾਵੇ। ਮੈਨੂੰ ਦੂਸਰੇ ਦੇਵਤਿਆਂ ਤੋਂ ਕੀ ਲੈਣਾ ?

285

ਯੋਗੇਂਦੂ ਨੇ ਉੱਤਰ ਦਿੱਤਾ, ''ਨਾਸਾਂ ਵਿੱਚੋਂ ਨਿਕਲੀ ਹੋਈ ਸਾਹ ਜਿਵੇਂ ਆਕਾਸ਼ ਵਿੱਚ ਵਿਲੀਨ ਹੋ ਜਾਂਦੀ ਹੈ, ਉਵੇਂ ਹੀ ਮਨ ਦੇ ਸਥਿਰ ਹੋਣ 'ਤੇ ਮੋਹ ਨਸ਼ਟ ਹੋ ਜਾਂਦਾ ਹੈ।

286

ਜੋ ਮੁਨੀਰਾਜ ਪਰਮ ਸਮਾਧੀ ਵਿੱਚ ਸਥਿਤ ਹੁੰਦੇ ਹਨ, ਉਨ੍ਹਾਂ ਦਾ ਮੋਹ ਨਸ਼ਟ ਹੋ ਜਾਂਦਾ ਹੈ, ਮਨ ਮਰ ਜਾਂਦਾ ਹੈ, ਸਵਾਸੋ ਸਵਾਸ ਰੁਕ ਜਾਂਦਾ ਹੈ ਅਤੇ ਉਹ ਕੇਵਲ ਗਿਆਨ ਨੂੰ ਪ੍ਰਾਪਤ ਹੋ ਜਾਂਦਾ ਹੈ।



287

ਜਿਸ ਦਾ ਮਨ ਪਰਮ ਸਮਾਧੀ ਵਿੱਚ ਸਥਿਤ ਹੁੰਦਾ ਹੈ, ਉਸ ਦਾ ਮੋਹ ਛੇਤੀ ਹੀ ਨਸ਼ਟ ਹੋ ਜਾਂਦਾ ਹੈ ਅਤੇ ਉਹ ਲੋਕ ਅਲੋਕ ਪ੍ਰਮਾਤਮ ਸਰੂਪ ਆਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ।

288

ਪ੍ਰਭਾਕਰ ਭੱਟ ਨੇ ਪਸ਼ਚਾਤਾਪ ਕਰਦੇ ਹੋਏ ਕਿਹਾ, ''ਦੇਹ ਵਿੱਚ ਰਹਿਣ ਦੇ ਬਾਵਜੂਦ ਆਤਮਾ ਅਨੰਤ ਗੁਣਾਂ ਦੀ ਸਵਾਮੀ ਹੈ, ਉਹ ਦੇਵਤਾ ਹੈ, ਨਿਰਵਿਕਲਪ ਸਮਾਧੀ ਵਿੱਚ ਮਨ ਲਗਾ ਕੇ ਮੈਂ ਉਸ ਨੂੰ ਜਾਨਣ ਦਾ ਕੰਮ ਨਹੀਂ ਕੀਤਾ, ਸਿੱਟੇ ਵਜੋਂ ਮੈਂ ਨਸ਼ਟ ਹੁੰਦਾ ਰਿਹਾ। ਭਾਵ ਮੇਰਾ ਸੰਸਾਰ ਰੂਪੀ ਜਨਮ ਮਰਨ ਨਹੀਂ ਛੁੱਟਦਾ।

289-290

ਯੋਗੇਂਦੂ ਨੇ ਸਮਝਾਇਆ ਕਿ ਜਿਸ ਨੇ ਸਾਰੇ ਪਰਿਗ੍ਰਹਿਆਂ ਨੂੰ ਨਹੀਂ ਛੱਡਿਆ, ਸਮਭਾਵ ਨੂੰ ਧਾਰਨ ਨਹੀਂ ਕੀਤਾ, ਯੋਗੀਆਂ ਦੇ ਪਿਆਰੇ ਮੋਕਸ਼ ਪਦ ਨੂੰ ਨਹੀਂ ਜਾਣਿਆ, ਆਤਮ ਗਿਆਨ ਦੇ ਸਾਰ ਘੋਰ ਤਪ ਨੂੰ ਨਹੀਂ ਕੀਤਾ, ਪੁੰਨ ਪਾਪ ਦੋਹਾਂ ਨੂੰ ਭਸਮ ਨਹੀਂ ਕੀਤਾ, ਤਾਂ ਉਸ ਦਾ ਸੰਸਾਰ ਕਿਵੇਂ ਛੁੱਟੇਗਾ ?

291

ਜਿਸ ਨੇ ਮੁਨੀਆਂ ਨੂੰ ਭੋਜਨ ਆਦਿ ਦਾ ਦਾਨ ਨਹੀਂ ਕੀਤਾ, ਜਿਨੇਂਦਰ ਭਗਵਾਨ ਦੀ ਪੂਜਾ ਨਹੀਂ ਕੀਤਾ। ਪੰਜ

ਪ੍ਰਮੇਸ਼ਟੀ ਦਾ ਵੰਦਨ ਨਹੀਂ ਕੀਤਾ ਤਾਂ ਉਸ ਨੂੰ ਮੁਕਤੀ ਕਿਵੇਂ ਮਿਲੇਗੀ।

292

ਕੀ ਅੱਧ ਖੁੱਲ੍ਹੀ ਭਾਵ ਬੰਦ ਅੱਖਾਂ ਨਾਲ ਹੀ ਯੋਗ ਹੈ ? ਮੋਕਸ਼ ਤਾਂ ਉਨ੍ਹਾਂ ਨੂੰ ਮਿਲਦਾ ਹੈ ਜੋ ਚਿੰਤਾ ਮੁਕਤ ਹੋ ਕੇ ਇਕਾਗਰ ਧਿਆਨ ਕਰਦੇ ਹਨ।

293

ਹੇ ਯੋਗੀ ! ਤੂੰ ਚਿੰਤਾ ਛੱਡੇਂਗਾ ਤਾਂ ਸੰਸਾਰ ਦਾ ਆਉਣਾ ਜਾਣਾ ਛੁੱਟੇਗਾ। ਤੀਰਥੰਕਰ ਦੇਵ ਵੀ ਜੇ ਚਿੰਤਾ ਕਰਦੇ ਹਨ ਤਾਂ ਉਨ੍ਹਾਂ ਦਾ ਆਚਰਣ ਵੀ ਪ੍ਰਮਾਤਮਾ ਦਾ ਆਚਰਣ ਨਹੀਂ ਮੰਨਿਆ ਜਾਂਦਾ।

294

ਹੇ ਯੋਗੀ ! ਸੰਸਾਰ ਦੇ ਕਾਰਨ ਸਰੂਪ ਵਿਵਹਾਰਾਂ ਵਿੱਚ ਬੁੱਧੀ ਨੂੰ ਤੂੰ ਕਿਉਂ ਖੋਟਾ ਕਰ ਰਿਹਾ ਹੈਂ ? ਮਾਇਆ ਜਾਲ ਤੋਂ ਪਰ੍ਹੇ ਸ਼ੁੱਧ ਆਤਮਾ ਨੂੰ ਜਾਣ ਕੇ ਆਪਣੇ ਮਨ ਨੂੰ ਵੱਸ ਵਿੱਚ ਕਰ।

295

ਹੇ ਪ੍ਰਭਾਕਰ ਭੱਟ ! ਤੂੰ ਸਾਰੇ ਸ਼ੁਭ ਅਸ਼ੁੱਭ ਰਾਗਾਂ, ਛੇ ਰਸਾਂ ਅਤੇ ਪੰਜ ਰੂਪਾਂ ਤੋਂ ਚੰਚਲ ਹੋਏ ਚਿੱਤ ਨੂੰ ਕਾਬੂ ਕਰ ਅਤੇ ਅਨੰਤ ਗੁਣਵਾਨ ਅਵਿਨਾਸ਼ੀ ਆਤਮਾ ਦਾ ਧਿਆਨ ਕਰ।

296



ਜਿਵੇਂ ਚਮਕਦੀ ਸਫਟਿਕ ਮਣੀ ਦੇ ਹੇਠਾਂ ਜੋ ਰੰਗ ਰੱਖਿਆ ਜਾਂਦਾ ਹੈ, ਸਫਟਿਕ ਮਣੀ ਉਸੇ ਰੰਗ ਦੀ ਲੱਗਦੀ ਹੈ ਅਤੇ ਗਾਰੜੀ ਮੰਤਰ ਧਿਆਨ ਦੇ ਅਨੁਸਾਰ ਗਾਰੜ ਪ੍ਰਤੀਤ ਹੁੰਦੇ ਹਨ। ਉਸੇ ਹੀ ਤਰ੍ਹਾਂ ਅਵਿਨਾਸ਼ੀ ਆਤਮਾ ਦਾ ਧਿਆਨ ਜਿਸ ਭਾਵ ਤੋਂ ਕੀਤਾ ਜਾਂਦਾ ਹੈ, ਉਸ ਦਾ ਪਰਿਵਰਤਨ ਉਸੇ ਰੂਪ ਵਿੱਚ ਹੋ ਜਾਂਦਾ ਹੈ।

297

ਆਤਮਾ ਦਰਅਸਲ ਪ੍ਰਮਾਤਮਾ ਹੀ ਹੈ। ਕਰਮਬੰਧ ਵਿਸ਼ੇਸ਼ ਦੇ ਕਾਰਨ ਇਹ ਦੂਸਰੇ ਜਾ ਜਾਪ ਕਰਦੀ ਹੈ। ਜਦ ਇਹ ਆਪਣੇ ਆਪ ਨੂੰ ਜਾਣ ਲੈਂਦੀ ਹੈ ਤਾਂ ਖੁਦ ਪ੍ਰਮਾਤਮਾ ਹੋ ਜਾਂਦੀ ਹੈ।

298

ਜੋ ਗਿਆਨਵਾਨ ਅਤੇ ਅਨੰਤ ਦੇਵ ਪ੍ਰਮਾਤਮਾ ਹੈ, ਉਹ ਮੈਂ ਹੀ ਹਾਂ। ਜੋ ਮੈਂ ਹਾਂ ਉਹ ਉੱਚਾ ਪ੍ਰਮਾਤਮਾ ਹੈ। ਸ਼ੰਕਾ ਰਹਿਤ ਅਜਿਹੀ ਭਾਵਨਾ ਕਰਨੀ ਚਾਹੀਦੀ ਹੈ।

299

ਹੇ ਜੀਵ ! ਜਿਵੇਂ ਹੇਠਾਂ ਦੇ ਸਾਰੇ ਰੰਗ ਨਿਰਮਲ ਸਫਟਿਕ ਮਣੀ ਤੋਂ ਭਿੰਨ ਹੁੰਦੇ ਹਨ, ਉਵੇਂ ਹੀ ਕਰਮ ਦਾ ਸਮੁੱਚਾ ਸ਼ੁਭ-ਅਸ਼ੁਭ ਭਾਵ ਆਤਮ ਸਰੂਪ ਤੋਂ ਭਿੰਨ ਹੁੰਦਾ ਹੈ।

300

ਹੇ ਜੀਵ ! ਜਿਸ ਪ੍ਰਕਾਰ ਸਫਟਿਕ ਮਣੀ ਸੁਭਾਵ ਤੋਂ ਨਿਰਮਲ ਹੈ, ਉਸੇ ਪ੍ਰਕਾਰ ਆਤਮਾ ਵੀ ਸੁਭਾਅ ਤੋਂ ਨਿਰਮਲ

ਹੈ। ਸਰੀਰ ਦੀ ਗੰਦਗੀ ਨੂੰ ਵੇਖ ਭਰਮ ਨਾਲ ਉਸ ਆਤਮਾ ਨੂੰ ਗੰਦਾ ਨਾ ਸਮਝ।

301

ਜਿਸ ਪ੍ਰਕਾਰ ਲਾਲ ਰੰਗ ਦੇ ਕੱਪੜੇ ਦੇ ਕਾਰਨ ਬੁੱਧੀਮਾਨ ਮਨੁੱਖ ਸਰੀਰ ਨੂੰ ਲਾਲ ਰੰਗ ਦਾ ਨਹੀਂ ਮੰਨਦਾ, ਉਸੇ ਤਰ੍ਹਾਂ ਸਰੀਰ ਦਾ ਰੰਗ ਲਾਲ ਵੇਖ ਕੇ ਉਹ ਆਤਮਾ ਨੂੰ ਵੀ ਲਾਲ ਰੰਗ ਨਹੀਂ ਮੰਨਦਾ।

302

ਜਿਸ ਤਰ੍ਹਾਂ ਪੁਰਾਣੇ ਕੱਪੜੇ ਦੇ ਕਾਰਨ ਬੁੱਧੀਮਾਨ ਮਨੁੱਖ ਸਰੀਰ ਨੂੰ ਪੁਰਾਣਾ ਨਹੀਂ ਮੰਨਦਾ, ਉਸੇ ਤਰ੍ਹਾਂ ਸਰੀਰ ਦੇ ਪੁਰਾਣੇ ਹੋਣ ਦੇ ਕਾਰਨ ਉਹ ਆਤਮਾ ਨੂੰ ਪੁਰਾਣਾ ਨਹੀਂ ਮੰਨਦਾ।

303

ਜਿਵੇਂ ਕੱਪੜੇ ਦੇ ਨਸ਼ਟ ਹੋਣ 'ਤੇ ਬੁੱਧੀਮਾਨ ਮਨੁੱਖ ਸਰੀਰ ਨੂੰ ਨਸ਼ਟ ਹੋਇਆ ਨਹੀਂ ਮੰਨਦਾ। ਉਸੇ ਤਰ੍ਹਾਂ ਸਰੀਰ ਦੇ ਨਸ਼ਟ ਹੋ ਜਾਣ 'ਤੇ ਉਹ ਆਤਮਾ ਨੂੰ ਨਸ਼ਟ ਹੋਇਆ ਨਹੀਂ ਮੰਨਦਾ।

304

ਜਿਵੇਂ ਗਿਆਨੀ ਮਨੁੱਖ ਕੱਪੜੇ ਨੂੰ ਦੇਹ ਤੋਂ ਭਿੰਨ ਮੰਨਦਾ ਹੈ, ਉਵੇਂ ਹੀ ਉਹ ਦੇਹ ਨੂੰ ਵੀ ਆਤਮਾ ਤੋਂ ਭਿੰਨ ਮੰਨਦਾ ਹੈ।

305

ਹੇ ਜੀਵ ਇਹ ਸਰੀਰ ਤੇਰਾ ਦੁਸ਼ਮਣ ਹੈ। ਕਿਉਂਕਿ ਇਹ ਦੁੱਖਾਂ ਨੂੰ ਉਤਪੰਨ ਕਰਦਾ ਰਹਿੰਦਾ ਹੈ। ਜੋ ਸਰੀਰ ਦਾ



ਘਾਤ ਕਰੇ, ਭਾਵ ਉਸ ਨੂੰ ਨਕਾਰੇ, ਉਸ ਨੂੰ ਪਰਮ ਮਿੱਤਰ ਸਮਝੋ।

306

ਜਿਸ ਕਰਮ ਦੇ ਪਰਗਟ ਹੋਣ 'ਤੇ ਮੈਨੂੰ ਭੋਗਣਾ ਪਿਆ, ਉਸ ਦਾ ਖੁਦ ਆ ਜਾਣ 'ਤੇ ਫਾਇਦਾ ਕੀ ਰਿਹਾ। ਹੁਣ ਸ਼ਾਂਤ ਚਿੱਤ ਉਸ ਦਾ ਫਲ ਭੋਗ ਕੇ ਮੈਨੂੰ ਉਸ ਦਾ ਕਸ਼ੈਅ ਕਰਨਾ ਚਾਹੀਦਾ ਹੈ।

307

ਹੇ ਜੀਵ ! ਕਿਸੇ ਦੇ ਕੌੜੇ ਵਚਨ ਸਹਿਣ ਨਾ ਹੋਣ ਤਾਂ ਤੁਰੰਤ ਮਨ ਵਿੱਚ ਪਾਰਬ੍ਰਹਮ ਦਾ ਧਿਆਨ ਕਰ। ਅਜਿਹਾ ਕਰਨ ਨਾਲ ਵਿਕਾਰ ਛੇਤੀ ਵਿਲੀਣ ਹੋ ਜਾਂਦੇ ਹਲ।

308

ਕਰਮ ਦੇ ਵੱਸ ਹੋ ਕੇ ਇਹ ਬਚਿੱਤਰ ਲੋਕ ਜਨਮ-ਜਨਮਾਂਤਰਾਂ ਨੂੰ ਪ੍ਰਾਪਤ ਕਰਦਾ ਹੈ। ਜੇ ਇਹ ਆਤਮ ਧਿਆਨ ਵਿੱਚ ਲੀਣ ਹੋ ਜਾਵੇ ਤਾਂ ਇਸੇ ਜੀਵਨ ਵਿੱਚ ਜਨਮ ਜਨਮਾਂਤਰਾਂ ਤੋਂ ਮੁਕਤੀ ਮਿਲ ਸਕਦੀ ਹੈ।

309

ਜੇ ਲੋਕਾਂ ਨੂੰ ਮੇਰੇ ਅੰਦਰ ਦੋਸ਼ ਲੱਭਣ ਵਿੱਚ ਸੁੱਖ ਮਿਲਦਾ ਹੈ, ਤਾਂ ਮੈਨੂੰ ਇਹ ਸੋਚ ਕੇ ਕ੍ਰੋਧ ਦਾ ਤਿਆਗ ਕਰਨਾ ਚਾਹੀਦਾ ਹੈ ਕਿ ਚਲੋ ਮੇਰੇ ਕਾਰਨ ਇਨ੍ਹਾਂ ਨੂੰ ਤਾਂ ਸੁੱਖ ਮਿਲਿਆ।

310

ਹੇ ਯੋਗੀ ! ਜੇ ਤੂੰ ਦੁੱਖਾਂ ਤੋਂ ਡਰ ਗਿਆ ਤਾਂ ਵੀ ਹੁਣ ਚਿੰਤਾ ਨਾ ਕਰ। ਤਿਲ ਦੇ ਛਿਲਕੇ ਬਰਾਬਰ ਵੀ ਚਿੰਤਾ ਜ਼ਰੂਰ ਕਸ਼ਟ ਦਿੰਦੀ ਹੈ। ਇਸ ਲਈ ਚਿੰਤਾ ਤੋਂ ਛੁੱਟ ਦੁੱਖ ਹੀ ਮਿਲੇਗਾ।

311

ਹੇ ਯੋਗੀ ! ਹੋਰ ਚਿੰਤਾਵਾਂ ਤੋਂ ਕੀ, ਤੂੰ ਮੋਕਸ਼ ਦੀ ਚਿੰਤਾ ਹੀ ਕਰ। ਚਿੰਤਾ ਕਰਨ ਨਾਲ ਮੋਕਸ਼ ਨਹੀਂ ਮਿਲਦਾ। ਜਿਸ ਕਰਮ ਨਾਲ ਬੰਨ੍ਹਿਆ ਹੋਇਆ ਹੈਂ, ਓਹ ਕਰਮ ਹੀ ਉਸ ਨੂੰ ਮੋਕਸ਼ ਦੇਵੇਗਾ।

312

ਜੋ ਪਰਮ ਸਮਾਧੀ ਰੂਪੀ ਮਹਾਨ ਸਰੋਵਰ ਵਿੱਚ ਪ੍ਰਵੇਸ਼ ਕਰਕੇ ਉਸ ਦੇ ਵਿੱਚ ਮਗਨ ਹੋ ਜਾਂਦੇ ਹਨ, ਉਨ੍ਹਾਂ ਦਾ ਆਤਮ ਧਿਆਨ ਸਥਿਰ ਹੋ ਜਾਂਦਾ ਹੈ ਅਤੇ ਅਸ਼ੁੱਧ ਭਾਵਾਂ ਦਾ ਉਹਨਾਂ 'ਤੇ ਮੈਲ ਨਹੀਂ ਜੰਮਦਾ ਤੇ ਬਹਿ ਜਾਂਦਾ ਹੈ।

313

ਸਾਰੇ ਵਿਕਲਪਾਂ ਦਾ ਵਿਲਯ ਹੀ ਪਰਮ ਸਮਾਧੀ ਹੈ। ਪਰਮ ਸਮਾਧੀ ਵਿੱਚ ਸਥਿਤ ਮੁਨੀਰਾਜ ਸ਼ੁਭ-ਅਸ਼ੁਭ ਸਾਰੇ ਵਿਕਲਪਾਂ ਨੂੰ ਛੱਡ ਦਿੰਦੇ ਹਨ।

314

ਪਰਮ ਸਮਾਧੀ ਨਾ ਹੋਵੇ ਤਾਂ ਘੋਰ ਤਪੱਸਿਆ ਤੋਂ ਅਤੇ ਸਾਰੇ ਸ਼ਾਸਤਰਾਂ ਦੇ ਗਿਆਨ ਤੇ ਵੀ ਸ਼ਾਂਤ ਸ਼ੁੱਧ ਆਤਮਾ ਦਾ ਮਿਲਣਾ ਨਹੀਂ ਹੋ ਸਕਦਾ।



315

ਜੋ ਮਨੁੱਖ ਵਿਸ਼ੇ ਕਸ਼ਾਇਆਂ ਨੂੰ ਜੜ ਤੋਂ ਪੁੱਟ ਕੇ ਪਰਮ ਸਮਾਧੀ ਵਿੱਚ ਸਥਿਤ ਨਹੀਂ ਹੁੰਦੇ, ਉਹ ਕਰਮ ਆਤਮਾ ਦੇ ਅਰਾਧਕ ਨਹੀਂ ਹੁੰਦੇ।

316

ਪਰਮ ਸਮਾਧੀ ਲਗਾ ਕੇ ਵੀ ਜੋ ਮੁਨੀਜਨ ਆਪਣੀ ਦੇਹ ਵਿੱਚ ਆਤਮਾ ਨੂੰ ਨਹੀਂ ਜਾਣਦੇ, ਉਹ ਸੰਸਾਰ ਦੇ ਭਿੰਨ ਭਿੰਨ ਦੁੱਖਾਂ ਨੂੰ ਅਨੰਤ ਕਾਲ ਤੱਕ ਸਹਿੰਦੇ ਰਹਿੰਦੇ ਹਨ।

317

ਕੇਵਲ ਗਿਆਨੀ ਜਿਨੇਂਦਰ ਭਗਵਾਨ ਆਖਦੇ ਹਨ ਕਿ ਜਦ ਤੱਕ ਸ਼ੁਭ ਅਸ਼ੁਭ ਭਾਵ ਮਿਟ ਨਹੀਂ ਜਾਂਦੇ, ਤਦ ਤੱਕ ਚਿੱਤ ਨੂੰ ਪਰਮ ਸਮਾਧੀ ਦੀ ਅਵਸਥਾ ਵਿੱਚ ਨਹੀਂ ਕਿਹਾ ਜਾਂਦਾ।

318

ਸਾਰੇ ਵਿਕਲਪਾਂ ਨੂੰ ਨਸ਼ਟ ਕਰਦੀ ਹੋਈ ਅਤੇ ਮੋਕਸ਼ ਦੇ ਰਾਹ ਵੱਲ ਅੱਗੇ ਵੱਧਦੀ ਹੋਈ ਆਤਮਾ ਚਾਰ ਘਾਤੀ ਕਰਮਾਂ ਨੂੰ ਨਸ਼ਟ ਕਰਕੇ ਅਰਿਹੰਤ ਬਣ ਜਾਂਦੀ ਹੈ।

319

ਲੋਕ ਅਲੋਕ ਨੂੰ ਆਪਣੇ ਕੇਵਲ ਗਿਆਨ ਰਾਹੀਂ ਲਗਾਤਾਰ ਜਾਣਦੀ ਹੋਈ ਪਰਮ ਅਨੰਦ ਵਾਲੀ ਆਤਮਾ ਹੀ ਅਸਲ ਵਿੱਚ ਅਰਿਹੰਤ ਹੁੰਦੀ ਹਏੈ।

320

ਜੋ ਜਿਨੇਸ਼ਵਰ ਦੇਵ ਕੇਵਲ ਗਿਆਨ ਅਤੇ ਪਰਮ ਅਨੰਦ ਸੁਭਾਓ ਦੇ ਧਨੀ ਹਨ, ਉਹੀ ਪ੍ਰਮਾਤਮਾ ਹਨ ਅਤੇ ਉਹੀ ਸਭ ਜੀਵਾਂ ਵਿੱਚ ਸ੍ਰੇਸ਼ਠ ਹਨ। ਹੇ ਜੀਵ ਅਸਲ ਵਿੱਚ ਉਹ ਆਤਮਾ ਦਾ ਹੀ ਸੁਭਾਓ ਹੈ।

321

ਜੋ ਸਾਰੇ ਕਰਮਾਂ (ਅੱਠ ਕਰਮਾਂ) ਤੋਂ ਅਤੇ ਸਾਰੇ ਦੋਸ਼ਾਂ (18 ਦੋਸ਼ਾਂ) ਵਿੱਚ ਨਹੀਂ ਲੱਗੇ, ਹੇ ਯੋਗੀ ! ਉਨ੍ਹਾਂ ਵਿੱਚ ਹੀ ਛੁਪੇ ਰੂਪ ਵਿੱਚ ਪਰਮਾਤਮਾ ਦਾ ਪ੍ਰਕਾਸ਼ ਮੰਨ।

322

ਕੇਵਲ ਗਿਆਨ, ਕੇਵਲ ਦਰਸ਼ਨ ਅਨੰਤ ਸੁੱਖ, ਅਨੰਤ ਵੀਰਯ, ਇਨ੍ਹਾਂ ਅਨੰਤ ਚਤੁਰਥਿਆ ਦੇ ਧਨੀ ਉਹ ਜਿਨੇਂਦਰ ਦੇਵ ਹੀ ਪ੍ਰਮਾਤਮ ਪ੍ਰਕਾਸ਼ ਦੇ ਜਾਨਣ ਵਾਲੇ ਅਤੇ ਪਰਮ ਮੁਨੀ ਹਨ।

323

ਜਿਨ੍ਹਾ ਮੁਨੀਆਂ ਨੇ ਪਰਮ ਪਦ, ਹਰੀ, ਹਰ, ਬ੍ਰਹਮਾ, ਬੁੱਧ ਅਤੇ ਪ੍ਰਕਾਸ਼ ਆਖਦੇ ਹਨ, ਉਹ ਪਰਮ ਨਿਰਮਲ ਜਿਨੇਂਦਰ ਦੇਵ ਹੀ ਪ੍ਰਮਾਤਮਾ ਹਨ।

324

ਧਿਆਨਾਂ ਦੇ ਰਾਹੀਂ ਕਰਮਾਂ ਦਾ ਖਾਤਮਾ ਕਰਕੇ ਜੋ ਮੁਕਤ ਹੋ ਗਏ ਹਨ, ਅਤੇ ਅਵਿਨਾਸ਼ੀ ਹਨ, ਉਨ੍ਹਾਂ ਨੂੰ ਹੀ ਹੇ ਜੀਵ ! ਜਿਨਵਰ ਦੇਵ ਨੇ ਮਹਾਨ ਸਿੱਧ ਭਗਵਾਨ ਕਿਹਾ ਹੈ।

325



ਹੇ ਜੀਵ ! ਉਹ ਸਿੱਧ ਭਗਵਾਨ ਤਿੰਨ ਲੋਕ ਦੇ ਮਿੱਤਰ ਹਨ, ਅਤੇ ਸ਼ਾਸਵਤ ਸੁੱਖ ਉਨ੍ਹਾਂ ਦਾ ਸੁਭਾਓ ਹੈ। ਉਹ ਆਪਣੇ ਨਿੱਜ ਸਰੂਪ ਨੂੰ ਪ੍ਰਾਪਤ ਕਰਕੇ ਹਮੇਸ਼ਾ ਉਸ ਸ਼ੁੱਧ ਖੇਤਰ ਵਿੱਚ ਹੀ ਰਹਿੰਦੇ ਹਨ। ਉਹ ਸੰਸਾਰ ਵਿੱਚ ਨਹੀਂ ਜਾਂਦੇ।

326

ਉਹ ਸਿੱਧ ਪਰਮੇਸ਼ਟੀ ਜਨਮ ਮਰਨ ਅਤੇ ਚਾਰ ਗਤੀਆਂ ਦੇ ਦੁੱਖਾਂ ਤੋਂ ਪਰੇ ਹਨ। ਉਹ ਕੇਵਲ ਦਰਸ਼ਨ ਅਤੇ ਕੇਵਲ ਗਿਆਨ ਵਾਲੇ ਹਨ, ਉਹ ਕਰਮਾਂ ਤੋਂ ਮੁਕਤ ਹਨ ਅਤੇ ਸਿੱਧ ਖੇਤਰ ਵਿੱਚ ਆਪਣੇ ਸੁਭਾਅ ਵਿੱਚ ਅਨੰਦ ਰੂਪ ਸਥਿਤ ਹਨ।

327-328

ਹੇ ਜੀਵ ! ਜੋ ਮੁਨੀ ਭਾਵ ਤੋਂ ਇਸ ਪਰਮਾਤਮ ਪ੍ਰਕਾਸ਼ ਦਾ ਚਿੰਤਨ ਕਰਦੇ ਹਨ, ਉਹ ਸਾਰੇ ਮੋਹਾਂ ਨੂੰ ਜਿੱਤ ਕੇ ਪਰਮ ਤੱਤਵ ਦਾ ਗਿਆਨ ਪ੍ਰਾਪਤ ਕਰ ਲੈਂਦੇ ਹਨ ਅਤੇ ਇਹ ਵੀ ਜੋ ਭਗਤੀ ਪੂਰਵਕ ਪ੍ਰਮਾਤਮ ਪ੍ਰਕਾਸ਼ ਦਾ ਅਧਿਐਨ ਕਰਦੇ ਹਨ ਉਹ ਵੀ ਲੋਕ ਅਲੋਕ ਨੂੰ ਪ੍ਰਕਾਸ਼ਿਤ ਕਰਨ ਵਾਲੇ ਪ੍ਰਕਾਸ਼ ਯਾਨਿ ਪ੍ਰਮਾਤਮ ਤੱਤਵ ਨੂੰ ਛੇਤੀ ਪ੍ਰਾਪਤ ਕਰ ਲੈਂਦੇ ਹਨ।

329-330

ਜੋ ਕੋਈ ਹਰ ਰੋਜ਼ ਪ੍ਰਮਾਤਮ ਪ੍ਰਕਾਸ਼ ਗ੍ਰੰਥ ਦਾ ਨਾਮ ਲੈਂਦੇ ਹਨ, ਉਨ੍ਹਾਂ ਦਾ ਮੋਹ ਛੇਤੀ ਨਸ਼ਟ ਹੋ ਜਾਂਦਾ ਹੈ ਅਤੇ ਉਹ ਤਿੰਨ ਲੋਕ ਦੇ ਮਾਲਕ ਬਣ ਜਾਂਦੇ ਹਨ। ਉਹ ਮਨੁੱਖ ਵੀ ਇਸ ਪ੍ਰਮਾਤਮਾ ਪ੍ਰਕਾਸ਼ ਗ੍ਰੰਥ ਦਾ ਅਭਿਆਸ ਕਰਨ ਦੇ ਪਾਤਰ

ਹਨ, ਜੋ ਸੰਸਾਰ ਦੇ ਦੁੱਖਾਂ ਤੋਂ ਡਰੇ ਹੋਏ ਹਨ ਅਤੇ ਮੋਕਸ਼ ਪਦ ਚਾਹੁੰਦੇ ਹਨ।

331–332

ਜੋ ਪ੍ਰਮਾਤਮਾ ਦੀ ਭਗਤੀ ਕਰਦੇ ਹਨ ਅਤੇ ਵਿਸ਼ੇ ਕਸ਼ਾਇ ਵਿੱਚ ਨਹੀਂ ਘੁੰਮਦੇ ਉਹ ਮੁਨੀਵਰ ਹੀ ਇਸ ਪ੍ਰਮਾਤਮਾ ਪ੍ਰਕਾਸ਼ ਗ੍ਰੰਥ ਦਾ ਅਭਿਆਸ ਕਰਨ ਦੇ ਪਾਤਰ ਹਨ। ਯੋਗੀਆਂ ਦਾ ਕਥਨ ਹੈ ਕਿ ਅਜਿਹਾ ਕੋਈ ਵੀ ਮਨੁੱਖ ਜੋ ਗਿਆਨੀ, ਬੁੱਧੀਮਾਨ ਅਤੇ ਸ਼ੁੱਧ ਮਨ ਦੇ ਨਾਲ ਇਸ ਪ੍ਰਮਾਤਮ ਪ੍ਰਕਾਸ਼ ਗ੍ਰੰਥ ਦਾ ਅਭਿਆਸ ਕਰਨ ਦਾ ਪਾਤਰ ਹੈ।

333

ਸ਼ੁੱਧ ਭਾਵ ਤੋਂ ਭਾਵਿਤ ਇਹ ਪ੍ਰਮਾਤਮਾ ਪ੍ਰਕਾਸ਼ ਗ੍ਰੰਥ ਚਾਰ ਗਤੀਆਂ ਦੇ ਦੁੱਖਾਂ ਨੂੰ ਨਸ਼ਟ ਕਰਨ ਵਾਲਾ ਹੈ। ਇਹ ਕਾਵਿ ਦੇ ਲੱਛਣ, ਛੰਦ ਆਦਿ ਨੂੰ ਮਹੱਤਵ ਨਹੀਂ ਦਿੰਦਾ।

334

ਇਸ ਗ੍ਰੰਥ ਵਿੱਚ ਪੁਨਰੋਕਤੀ (ਬਾਰ ਬਾਰ ਦੁਹਰਾਈ) ਦਾ ਦੋਸ਼ ਹੈ, ਵਿਦਵਾਨ ਲੋਕ ਕ੍ਰਿਪਾ ਕਰਕੇ ਇਸ ਵੱਲ ਧਿਆਨ ਨਾ ਦੇਣ। ਇਸ ਵਿੱਚ ਕਵਿਤਾ ਆਦਿ ਦੀ ਤਲਾਸ਼ ਨਾ ਕਰਨ। ਪ੍ਰਭਾਕਰ ਭੱਟ ਨੂੰ ਸਮਝਾਉਣ ਲਈ ਮੈਨੂੰ ਬਹੁਤ ਸਾਰੀਆਂ ਗੱਲਾਂ ਬਾਰ-ਬਾਰ ਆਖਣੀਆਂ ਪਈਆਂ।

335

ਜੇ ਇਸ ਵਿੱਚ ਮੈਂ ਕੁਝ ਉਚਿਤ ਜਾਂ ਅਨੁਚਿਤ ਵੀ ਆਖ ਦਿੱਤਾ ਹੋਵੇ ਤਾਂ ਵਿਦਵਾਨ ਗਿਆਨੀ ਮੈਨੂੰ ਖਿਮਾ ਕਰਨ।



336

ਪਰਮ ਮੁਨੀਆਂ ਨੇ ਜਿਸ ਤੱਤਵ ਦਾ ਆਪਣੇ ਚਿੱਤ ਵਿੱਚ ਗਿਆਨ ਦੇ ਰੂਪ ਵਿੱਚ ਧਿਆਨ ਕੀਤਾ ਹੈ, ਉਹ ਦੇਹ ਰਹਿਤ ਹੁੰਦੇ ਹੋਏ ਵੀ ਸਾਰੇ ਪ੍ਰਾਣੀਆਂ ਦੀ ਦੇਹ ਵਿੱਚ ਰਹਿੰਦਾ ਹੈ। ਜੋ ਕੇਵਲ ਗਿਆਨ ਦੀ ਤਿੰਨ ਲੋਕ ਵਿੱਚ ਸ੍ਰੇਸ਼ਠ ਦਿਵਯਤਾ ਹੈ ਅਤੇ ਜਿਸ ਨੂੰ ਸਿੱਧ ਕਰਨ ਵਿੱਚ ਸ਼ਾਤ ਸੁਭਾਅ ਵਾਲੇ ਲਗਾਤਾਰ ਲੱਗੇ ਰਹਿੰਦੇ ਹਨ। ਉਹ ਸ਼ੁੱਧ ਆਤਮ ਤੱਤਵ ਜਿਸ ਦੇ ਮਨ ਵਿੱਚ ਪ੍ਰਗਟ ਹੋ ਜਾਂਦਾ ਹੈ, ਉਹ ਸਿੱਧੀ ਨੂੰ ਪ੍ਰਾਪਤ ਕਰਦਾ ਹੈ।

337

ਜੋ ਅਰਿਹੰਤ ਪਦ ਨੂੰ ਪ੍ਰਾਪਤ ਹੋਏ ਜੀਵਾਂ ਦੀ ਗਿਆਨ, ਦਿਵਯਤਾ ਨੂੰ ਪ੍ਰਕਾਸ਼ਿਤ ਕਰਦਾ ਹੈ, ਮੁਨੀਆਂ ਦੇ ਮਨ ਵਿੱਚ ਮੋਕਸ਼ ਦੇਣ ਵਾਲੀ ਬੀਤਰਾਗ ਸਮਾਧੀ ਦੇ ਰੂਪ ਵਿੱਚ ਹਾਜ਼ਰ ਰਹਿੰਦਾ ਹੈ। ਜਿਸ ਦਾ ਸੁਭਾਅ ਕੇਵਲ ਗਿਆਨ ਹੈ ਅਤੇ ਜੋ ਵਿਸ਼ੇ ਸੁੱਖਾਂ ਵਿੱਚ ਲੱਗੇ ਮਨੁੱਖਾਂ ਦੇ ਲਈ ਦੁਰਲਭ ਹੈ। ਉਸ ਕਲਿਆਣ ਰੂਪ ਆਤਮ ਤੱਤਵ ਦੀ ਜੈ ਹੋਵੇ।